




ਰੋਜ਼ਾਨਾ

ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com

20 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)



ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ

ਠੱਗੀ ਦਾ ਸ਼ਿਕਾਰ

ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-

0181-2211009



R.N.I. /Punpun/29016/2008/ ● ਸਾਲ : 15 ● ਅੰਕ : 52 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111


## ਤੁਰਕੀ ਵਿੱਚ ਕੱਢਿਆ ਗਿਆ 11 ਦਿਨਾਂ ਬਾਅਦ ਜ਼ਿੰਦਾ ਵਿਅਕਤੀ

ਅੰਕਾਰਾ/ਲੋਕ ਬਾਣੀ

ਬੀਤੇ ਦਿਨੀਂ ਤੁਰਕੀ ਤੇ ਸੀਰੀਆ ਵਿਚ ਆਏ ਭਿਆਨਕ ਭੂਚਾਲ ਤੋਂ ਬਾਅਦ ਦਿਲ ਨੂੰ ਦਹਿਲਾ ਦੇਣ ਵਾਲੀਆਂ ਬਹੁਤ ਸਾਰੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਵਾਇਰਲ ਹੋਈਆਂ। ਚਾਰੇ ਪਾਸੇ ਲਾਸ਼ਾਂ ਦੇ ਢੇਰ ਨਜ਼ਰ ਆਏ। ਹਸਪਤਾਲਾਂ ਵਿਚ ਲਾਸ਼ਾਂ ਰੱਖਣ ਲਈ ਕੋਈ ਥਾਂ ਨਹੀਂ ਹੈ।

ਦੁਨੀਆਂ ਦੇ 100 ਤੋਂ ਵੱਧ ਦੇਸ਼ਾਂ ਨੇ ਤੁਰਕੀ ਅਤੇ ਸੀਰੀਆ ਵਿੱਚ ਬਚਾਅ ਕਰਮਚਾਰੀ ਭੇਜੇ ਹਨ ਜੋ ਮਲਬੇ 'ਚ ਫਸੇ ਲੋਕਾਂ ਨੂੰ ਬਚਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਇਸ ਦੌਰਾਨ ਕਈ ਚਮਤਕਾਰ ਵੀ ਦੇਖਣ ਨੂੰ ਮਿਲ ਰਹੇ ਹਨ। ਦਰਅਸਲ, ਹੁਣ ਇਕ ਖ਼ਬਰ ਆਈ ਹੈ ਕਿ ਇਕ ਵਿਅਕਤੀ ਨੂੰ 11 ਦਿਨਾਂ ਪਿੱਛੋਂ ਮਲਬੇ ਵਿਚੋਂ ਜ਼ਿੰਦਾ ਬਾਹਰ ਕੱਢਿਆ ਗਿਆ ਹੈ।

ਇਸ ਦੌਰਾਨ ਉਹ ਡੇਢ ਹਫ਼ਤਾ ਬਿਨਾਂ ਖਾਧੇ-ਪੀਤੇ ਕਿਵੇਂ ਜਿਉਂਦਾ ਰਿਹਾ, ਇਹ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। ਉਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ



ਰਹੀ ਹੈ। ਤੁਰਕੀ ਦੇ ਸਿਹਤ ਮੰਤਰੀ ਦੁਆਰਾ ਸ਼ੇਅਰ ਕੀਤੀ ਗਈ ਵੀਡੀਓ ਵਿੱਚ 33 ਸਾਲਾ ਮੁਸਤਫਾ ਅਵਸੀ ਨੂੰ ਸਟ੍ਰੈਚਰ 'ਤੇ ਲੇਟਿਆ ਦੇਖਿਆ ਜਾ ਸਕਦਾ ਹੈ। ਉਹ ਬਚਾਅ ਕਾਰਜ 'ਚ ਲੱਗੇ ਕਰਮਚਾਰੀਆਂ ਦੇ ਫੋਨ 'ਤੇ ਗੱਲ ਕਰ ਰਿਹਾ ਹੈ। ਜਦੋਂ ਕਿ ਉੱਥੇ ਇੱਕ ਹੋਰ ਵਿਅਕਤੀ ਰੋ ਰਿਹਾ ਹੈ। ਦਰਅਸਲ, ਉਹ ਆਪਣੀ ਮਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਬਾਰੇ ਪੁੱਛਦਾ ਹੈ।

## ਨੇਪਾਲ ਜਹਾਜ਼ ਹਾਦਸੇ ਵਿੱਚ ਇੰਜਣ ਪਾਇਲਟ ਨੇ ਭੁਲੇਖੇ ਨਾਲ ਕੀਤਾ ਸੀ ਬੰਦ



ਕਾਠਮਾਂਡੂ/ਲੋਕ ਬਾਣੀ

ਪਿਛਲੇ ਮਹੀਨੇ 15 ਜਨਵਰੀ ਨੂੰ ਨੇਪਾਲ ਵਿਚ ਯੇਤੀ ਏਅਰਲਾਈਨਜ਼ ਦੇ ਇੱਕ ਯਾਤਰੀ ਜਹਾਜ਼ ਹਾਦਸੇ ਦੀ ਜਾਂਚ ਵਿਚ ਕੁਝ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਜਾਂਚ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਾਇਲਟ ਨੇ ਖੁਦ ਇੰਜਣ ਦੀ ਪਾਵਰ ਸਪਲਾਈ ਬੰਦ ਕੀਤੀ ਹੋ ਸਕਦੀ ਸੀ। ਹਾਲਾਂਕਿ ਜਾਂਚ ਏਜੰਸੀ ਦਾ ਮੰਨਣਾ ਹੈ ਕਿ ਪਾਇਲਟ ਨੇ 'ਗਲਤੀ' ਕਰਕੇ ਅਜਿਹਾ ਕੀਤਾ ਹੋ ਸਕਦਾ ਹੈ। ਹਾਦਸੇ ਵਿਚ ਮਨੁੱਖੀ ਗਲਤੀ ਦਾ ਸ਼ੱਕ ਹੈ। ਪਾਇਲਟ ਨੂੰ ਉਸ ਸਮੇਂ ਕਾਕਪਿਟ ਵਿੱਚ ਫਲੈਪ ਲੀਵਰ ਨੂੰ ਖਿੱਚਣਾ ਸੀ ਪਰ ਹੋ ਸਕਦਾ ਹੈ ਕਿ ਭੁਲੇਖੇ ਨਾਲ ਉਸ ਨੇ ਇੰਜਣ ਦੀ ਪਾਵਰ ਸਪਲਾਈ ਨੂੰ ਬੰਦ ਕਰ ਦਿੱਤਾ ਹੋਵੇ।

## ਊਧਵ ਠਾਕਰੇ ਬੋਲੇ ਮੇਰਾ ਧਨੁਸ਼, ਤੀਰ ਖੋਹ ਲਿਆ ਪਰ ਭਗਵਾਨ ਰਾਮ ਮੇਰੇ ਨਾਲ ਹਨ

ਮੁੰਬਈ/ਲੋਕ ਬਾਣੀ

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਉਨਾਂ ਨੇ ਮੇਰਾ ਕਮਾਨ-ਤੀਰ ਖੋਹ



ਲਿਆ ਪਰ ਹੁਣ ਭਗਵਾਨ ਰਾਮ ਖੁਦ ਮੇਰੇ ਨਾਲ ਆਏ ਹਨ। ਜੇ ਹਿੰਮਤ ਹੈ ਤਾਂ ਤੀਰ-ਕਮਾਨ ਸੜਕ 'ਤੇ ਲੈ ਕੇ ਅੱਗੇ ਆਓ, ਮੈਂ ਆਪਣੀ ਮਸ਼ਾਲ ਲੈ ਕੇ ਆਵਾਂਗਾ, ਫਿਰ ਦੇਖਦੇ ਹਾਂ ਕੀ ਹੁੰਦਾ ਹੈ।

## ਕੇਦਾਰਨਾਥ ਧਾਮ ਦੇ ਦਰਵਾਜ਼ੇ 25 ਅਪ੍ਰੈਲ ਨੂੰ ਖੁੱਲਣਗੇ

ਦੇਹਰਾਦੂਨ/ਲੋਕ ਬਾਣੀ

ਉਤਰਾਖੰਡ ਦੇ ਉੱਚੇ ਗੜਵਾਲ ਹਿਮਾਲਿਆ ਵਿੱਚ ਸਥਿਤ ਵਿਸ਼ਵ ਪ੍ਰਸਿੱਧ ਕੇਦਾਰਨਾਥ ਧਾਮ ਦੇ ਦਰਵਾਜ਼ੇ ਸਰਦੀਆਂ ਦੀ ਛੇ ਮਹੀਨਿਆਂ ਦੀ ਛੁੱਟੀ ਤੋਂ ਬਾਅਦ ਇਸ ਸਾਲ 25 ਅਪ੍ਰੈਲ ਨੂੰ ਸ਼ਰਧਾਲੂਆਂ ਲਈ ਖੋਲ ਦਿੱਤੇ ਜਾਣਗੇ। ਸ਼੍ਰੀ ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਸੂਤਰਾਂ ਨੇ ਦੱਸਿਆ ਕਿ ਕੇਦਾਰਨਾਥ ਮੰਦਰ ਦੇ ਪੋਰਟਲ 25 ਅਪ੍ਰੈਲ ਨੂੰ ਸਵੇਰੇ 6.20 ਵਜੇ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ ਦਿੱਤੇ ਜਾਣਗੇ। ਸ਼ਨੀਵਾਰ ਨੂੰ, ਮਹਾਸ਼ਿਵਰਾਤਰੀ ਦੇ ਮੌਕੇ 'ਤੇ, ਭਗਵਾਨ ਕੇਦਾਰਨਾਥ ਦੇ ਸਰਦੀਆਂ ਦੇ ਆਸਨ, ਰੁਦਰਪ੍ਰਯਾਗ ਜ਼ਿਲੇ ਦੇ ਉਖੀਮਠ ਸਥਿਤ ਓਮਕਾਰੇਸ਼ਵਰ ਮੰਦਿਰ 'ਚ ਆਯੋਜਿਤ ਇਕ ਧਾਰਮਿਕ ਸਮਾਗਮ 'ਚ ਕੇਦਾਰਨਾਥ ਮੰਦਰ ਦੇ ਖੋਲਣ ਦਾ



ਸ਼ੁਭ ਸਮਾਂ ਪਾਚਾਂਗ ਗਣਨਾ ਤੋਂ ਬਾਅਦ ਕੱਢਿਆ ਗਿਆ। ਸਮਾਗਮ ਵਿੱਚ ਮੰਦਰ ਕਮੇਟੀ ਦੇ ਅਧਿਕਾਰੀ, ਤੀਰਥ ਪੁਜਾਰੀ ਅਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

## ਕੇਰਲ 'ਚ ਕਸਟਮ ਨੇ ਜ਼ਬਤ ਕੀਤਾ 43 ਲੱਖ ਦਾ ਸੋਨਾ

ਕੋਚੀ/ਲੋਕ ਬਾਣੀ

ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਯੂਨਿਟ ਨੇ ਕੋਚੀ ਹਵਾਈ ਅੱਡੇ 'ਤੇ 43 ਲੱਖ ਰੁਪਏ ਦੀ ਕੀਮਤ ਦਾ 900.25 ਗਰਾਮ ਸੋਨਾ ਜ਼ਬਤ ਕੀਤਾ ਹੈ।ਕੋਚੀ, 19 ਫਰਵਰੀ-ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਯੂਨਿਟ ਨੇ ਕੋਚੀ ਹਵਾਈ ਅੱਡੇ



'ਤੇ 43 ਲੱਖ ਰੁਪਏ ਦੀ ਕੀਮਤ ਦਾ 900.25 ਗਰਾਮ ਸੋਨਾ ਜ਼ਬਤ ਕੀਤਾ ਹੈ।

## 22 ਨੂੰ ਫਿਰ ਰੇਲ ਰੋਕੋ ਮੋਰਚਾ ਲਗੇਗਾ

ਅੰਮ੍ਰਿਤਸਰ/ਰਵੀ ਸਹਿਗਲ

ਭਾਰਤ ਮਾਲਾ ਪ੍ਰੋਜੈਕਟ ਤਹਿਤ ਨਿਕਲਣ ਵਾਲੇ ਹਾਈਵੇ ਲਈ ਐਕੁਆਇਰ ਜ਼ਮੀਨਾਂ ਦੇ ਇਕਸਾਰ ਤੇ ਵਾਜ਼ਿਬ ਮੁਆਵਜ਼ੇ, ਗੰਨੇ ਦੇ ਬਕਾਏ ਦੀ ਅਦਾਇਗੀ, ਮੋਰਚਿਆਂ ਦੇ ਸ਼ਹੀਦ ਪਰਿਵਾਰਾਂ ਨੂੰ ਮੁਆਵਜੇ ਅਤੇ ਨੌਕਰੀਆਂ ਸਮੇਤ ਹੋਰ ਅਹਿਮ ਮੁੱਦਿਆਂ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ 22 ਫਰਵਰੀ ਨੂੰ ਗੁਰਦਾਸਪੁਰ ਵਿਚ ਲੱਗਣ ਜਾ ਰਹੇ ਰੇਲ ਰੋਕੋ ਧਰਨੇ ਦੀ ਜ਼ਿਲਾ ਅੰਮ੍ਰਿਤਸਰ ਵਲੋ ਪਿੰਡ ਪੱਧਰੀ ਤਿਆਰੀ ਮੀਟਿੰਗਾਂ ਤੋਂ ਬਾਅਦ ਜ਼ਿਲਾ ਕਮੇਟੀ ਦੀ ਮੀਟਿੰਗ ਸੱਦ ਕੇ ਮੋਰਚੇ ਵਿਚ ਜਾਣ ਦੀਆ ਤਿਆਰੀਆਂ ਦੇ ਜਾਇਜ਼ੇ ਲਏ ਗਏ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਵਣ ਸਿਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਮੋਰਚੇ ਵਿਚ ਸ਼ਮੂਲੀਅਤ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰਾਂ ਟਰਾਲੀਆਂ 'ਤੇ ਸਵਾਰ ਹੋ ਕੇ ਜਾਣ ਸੰਬੰਧੀ ਕਿਸਾਨ-ਮਜ਼ਦੂਰ ਤੇ ਬੀਬੀਆਂ ਦੀ ਤਿਆਰੀ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ।

## ਭਾਰਤ ਪਾਕਿ ਸਰਹੱਦ 'ਤੇ ਫੜੀ ਗਈ ਹੈਰੋਇਨ



ਗੁਰਦਾਸਪੁਰ/ਨਵਨੀਤ ਕੁਮਾਰ

ਅੰਤਰਰਾਸ਼ਟਰੀ ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਬੀਐਸਐਫ ਦੀ 113 ਬਟਾਲੀਅਨ ਨੇ ਸ਼ਨੀਵਾਰ ਦੇਰ ਰਾਤ ਘਨੀਆ ਕੇ ਬਾਂਗਰ ਵਿੱਚ ਬਾਰਡਰ ਆਊਟ ਪੋਸਟ (ਬੀਓਪੀ) 'ਤੇ ਇੱਕ ਪਾਕਿਸਤਾਨੀ ਡਰੋਨ ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰ ਦਿੱਤਾ। ਜਿਸ ਥਾਂ 'ਤੇ ਡਰੋਨ ਡਿੱਗਿਆ, ਉਸ ਥਾਂ 'ਤੇ ਬੀਐਸਐਫ ਅਤੇ ਪੁਲਿਸ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਜਿਸ ਤੋਂ ਬਾਅਦ ਬੀ.ਐਸ.ਐਫ ਨੇ ਚਾਰ ਪੈਕੇਟਾਂ ਵਿੱਚ 2.750 ਦੇ ਕਰੀਬ ਹੈਰੋਇਨ ਬਰਾਮਦ ਕੀਤੀ ਹੈ।ਇਸ ਸਬੰਧੀ ਬੀਐਸਐਫ ਦੇ ਡੀਆਈਜੀ ਪ੍ਰਭਾਕਰ ਜੋਸ਼ੀ ਨੇ ਦੱਸਿਆ ਕਿ ਤਲਾਸ਼ੀ ਮੁਹਿੰਮ ਦੌਰਾਨ ਹੈਰੋਇਨ ਦੇ 4 ਪੈਕਟ ਬਰਾਮਦ ਕੀਤੇ ਗਏ ਹਨ। ਜਿਸ ਡਰੋਨ ਨੂੰ ਡੇਗਿਆ ਗਿਆ ਹੈ, ਉਹ 9 ਕਿਲੋ ਦਾ ਲੋਡ ਚੁੱਕ ਕੇ 15 ਕਿਲੋਮੀਟਰ ਤੱਕ ਉੱਡ ਸਕਦਾ ਹੈ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਅੰਮ੍ਰਿਤਸਰ ਦੇ ਪੁਲਿਸ ਥਾਣਾ ਸਦਰ ਵੱਲੋਂ ਲੜਕੇ ਨੂੰ ਅਗਵਾ ਕਰਕੇ 10 ਲੱਖ ਦੀ ਫਿਰੌਤੀ ਲੈਣ ਵਾਲੇ 2 ਕਾਬੂ



**ਅੰਮ੍ਰਿਤਸਰ/ਰਣਜੀਤ ਸਿੰਘ ਮਸੌਣ/ਸੁਖਦੇਵ ਮੋਨੂੰ**

ਵਰਿੰਦਰ ਸਿੰਘ ਖੋਸਾ ਏਸੀਪੀ ਨੋਰਥ ਨੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਕੀ ਇਹ ਮੁਕੱਦਮਾਂ ਸ਼ਿਵਮ ਸੂਦ ਵਾਸੀ ਨਗੀਨਾਂ ਐਵੈਨੀਊ ਦੇ ਬਿਆਨ ਤੇ ਮੁੱਕਦਮਾਂ ਨੰਬਰ 38 ਮਿਤੀ 3-2-2023 ਜੁਰਮ 365,384,148,149 ਭ:ਦ:, 25/27/54/59 ਅਸਲ੍ਹਾ ਐਕਟ, ਪੁਲਿਸ ਥਾਣਾ ਸਦਰ, ਅੰਮ੍ਰਿਤਸਰ ਵਿਖੇ ਦਰਜ਼ ਰਜਿਸਟਰਡ ਕੀਤਾ ਗਿਆ ਸੀ ਕਿ ਮਿਤੀ 2-2-2023 ਨੂੰ ਵਕਤ ਕ੍ਰੀਬ 11 ਵਜੇਂ ਰਾਤ, ਉਹ ਆਪਣੀ ਦੁਕਾਨ ਬੰਦ ਕਰਕੇ ਆਪਣੀ ਕਾਰ ਤੇ ਵਾਪਸ ਘਰ ਗਿਆ ਤੇ ਕਾਰ ਘਰ ਦੇ ਬਾਹਰ ਸੜਕ ਤੇ ਖੜੀ ਕਰਕੇ ਕਾਰ ਵਿੱਚੋਂ ਬਾਹਰ ਨਿਕਲਿਆ ਤਾਂ ਇੱਕ ਨੌਜ਼ਵਾਨ ਮੋਟਰਸਾਈਕਲ ਪਰ ਸਵਾਰ ਨੇ ਮੋਟਰਸਾਈਕਲ ਉਸਦੇ ਵਿੱਚ ਆ ਮਾਰਿਆਂ ਤੇ ਉਹ ਨੌਜ਼ਵਾਨ ਨੂੰ ਪੁੱਛਣ ਲੱਗਾ ਕਿ ਤੂੰ ਮੇਰੇ ਵਿੱਚ ਮੋਟਰਸਾਈਕਲ ਕਿਉਂ ਮਾਰਿਆ ਹੈ ਤਾਂ ਇੰਨੇ ਨੂੰ ਇੱਕ ਕਾਰ ਵਰਨਾ ਰੰਗ ਸਿਲਵਰ ਆਈ, ਜਿਸ ਵਿੱਚ ਡਰਾਇਵਰ ਸਮੇਤ ਚਾਰ ਨੌਜ਼ਵਾਨ ਸਵਾਰ ਸੀ। ਸਾਰਿਆ ਨੇ ਮੂੰਹ ਢੱਕੇ ਹੋਏ ਸੀ ਜਿੰਨਾ ਵਿੱਚੋਂ 3 ਨੌਜ਼ਵਾਨ ਕਾਰ ਵਿੱਚੋਂ ਉਤਰੇ ਅਤੇ ਉਸਨੂੰ ਫੜ ਕੇ ਆਪਣੀ ਗੱਡੀ ਵਿੱਚ ਬਿਠਾ ਕੇ ਕਿਧਰੇ ਲੈ ਗਏ ਅਤੇ ਉਸਨੂੰ ਸਾਰੇ ਨੌਜ਼ਵਾਨਾਂ ਵੱਲੋਂ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਦੇ ਬੰਦੇ ਦੱਸਦੇ ਹੋਏ, ਉਸ ਪਾਸੋਂ ਪੈਸਿਆਂ ਦੀ ਮੰਗ ਕਰਨ ਲੱਗੇ ਤਾਂ ਸ਼ਿਵਮ ਸੂਦ ਨੇ ਆਪਣੇ ਮੋਬਾਇਲ ਫੋਨ ਤੋਂ ਆਪਣੇ ਪਿਤਾ ਨੂੰ ਫੋਨ ਕੀਤਾ ਕਿ ਤੁਹਾਡੇ ਕੋਲ ਮੇਰਾ ਦੋਸਤ ਆ ਰਿਹਾਂ ਹੈ। ਉਸਨੂੰ ਦੱਸ ਲੱਖ ਰੁਪਏ ਦੇ ਦੇਵੋ ਤਾਂ ਕਾਰ ਸਵਾਰਾਂ ਵਿੱਚੋਂ ਇੱਕ ਨੌਜ਼ਵਾਨ ਨੇ ਫੋਨ ਕਰਕੇ ਆਪਣੇ ਕਿਸੇ ਸਾਥੀ ਨੂੰ ਕਿਹਾ ਕਿ ਤੂੰ ਰਿਲਾਇੰਸ ਫਰੈਸ਼ ਦੇ ਸਾਹਮਣੇਂ ਗਲੀ ਵਿੱਚੋਂ ਪੈਸੇ ਲੈ ਆ, ਜੋ ਕੁੱਝ ਮਿੰਟਾਂ ਵਿੱਚ, ਉਸਦੇ ਪਿਤਾ ਕੋਲੋਂ ਦੱਸ ਲੱਖ ਰੁਪਏ ਲੈ ਆਇਆਂ ਅਤੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਤੂੰ ਕਿਸੇ ਨੂੰ ਇਸ ਬਾਰੇ ਦੱਸਿਆ ਤਾਂ ਤੈਨੂੰ ਤੇ ਤੇਰੇ ਪ੍ਰੀਵਾਰ ਨੂੰ ਜਾਨੋਂ ਮਾਰ ਦਿਆਂਗੇ ਤੇ ਬੱਸ ਸਟੈਂਡ ਅੰਮ੍ਰਿਤਸਰ ਦੇ ਸਾਹਮਣੇਂ ਰਿਆੜ ਹਸਪਤਾਲ ਕੋਲ ਆਪਣੀ ਕਾਰ ਵਿੱਚੋਂ ਉਤਾਰ ਦਿੱਤਾ। ਜਿਸਤੇ ਥਾਣਾ ਸਦਰ ਵੱਲੋਂ ਮੁਕੱਦਮਾ ਦਰਜ਼ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਜਿਸ ਤੇ ਮੁੱਖ ਅਫ਼ਸਰ ਪੁਲਿਸ ਥਾਣਾ ਸਦਰ, ਅੰਮ੍ਰਿਤਸਰ ਦੇ ਇੰਸਪੈਕਟਰ ਮੋਹਿਤ ਕੁਮਾਰ ਸਮੇਂਤ ਪੁਲਿਸ ਪਾਰਟੀ ਵੱਲੋਂ ਹਰ ਪਹਿਲੂ ਤੋਂ ਤਫਤੀਸ਼ ਕਰਦੇ ਹੋਏ, ਵੱਖ-ਵੱਖ ਪੁਲਿਸ ਟੀਮਾਂ ਬਣਾ ਕੇ ਦੋਸ਼ੀ ਜਸਕਰਨ ਖੰਨਾ ਉਰਫ ਕਾਕਾ ਪੁੱਤਰ ਜੋਗਿੰਦਰ ਸਿੰਘ ਵਾਸੀ ਹੁੱਕਮ ਸਿੰਘ ਰੋਡ, ਅੰਮ੍ਰਿਤਸਰ ਅਤੇ ਅਜੈ ਨੇਗੀ ਪੁੱਤਰ ਬਲਬੀਰ ਸਿੰਘ ਵਾਸੀ ਸ਼ਰੀਫਪੁਰਾ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ 16,000/-ਰੁਪਏ ਬ੍ਰਾਮਦ ਕੀਤੇ ਗਏ ਅਤੇ ਗ੍ਰਿਫਤਾਰ ਦੋਸ਼ੀਆਂ ਦੇ ਇੰਕਸ਼ਾਫ ਪਰ ਇਹਨਾਂ ਦੇ 4 ਹੋਰ ਸਾਥੀ ਮੁੱਕਦਮੇ ਵਿੱਚ ਨਾਮਜ਼ਦ ਕੀਤੇ ਗਏ, ਭੁਪਿੰਦਰ ਸਿੰਘ 0ਲਾਡੀ ਪੁੱਤਰ ਗੁਰਵਿੰਦਰ ਸਿੰਘ ਵਾਸੀ ਸ਼ਰੀਫਪੁਰਾ, ਅੰਮ੍ਰਿਤਸਰ। (ਪਹਿਲਾ ਵੀ ਵੱਖ ਵੱਖ ਧਾਰਾਵਾਂ ਤਹਿਤ 3 ਮੁਕੱਦਮੇਂ ਦਰਜ ਹਨ ), ਕੁਨਾਲ ਮਹਾਜਨ 0ਕੇਸ਼ਵ 0ਕਨ ਪੁੱਤਰ ਰਾਕੇਸ਼ ਮਹਾਜਨ ਵਾਸੀ ਮੇਨ ਗੇਟ ਸਿਵਾਲਿਆ ਰੋਡ, ਅੰਮ੍ਰਿਤਸਰ (ਪਹਿਲਾਂ ਵੀ 1 ਮੁਕੱਦਮਾਂ ਇਰਾਦਾ ਕਤਲ ਦਰਜ਼ ਹੈ), ਮਯੰਕ ਮਹਾਜਨ ਪੁੱਤਰ ਸੁਸ਼ੀਲ ਮਹਾਜਨ ਵਾਸੀ ਸ਼ਰੀਫਪੁਰਾ, ਅੰਮ੍ਰਿਤਸਰ ਅਤੇ ਸਾਹਿਲ ਦੁੱਗਲ 0 ਲਾਲੀ 0 ਐਲ ਕੇ ਪੁੱਤਰ ਸੰਜੀਵ ਦੁੱਗਲ ਵਾਸੀ ਸ਼ਰੀਫਪੁਰਾ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾਂ ਰਹੀ ਹੈ ਤੇ ਇਹਨਾਂ ਨੂੰ ਜਲਦੀ ਗਿ ?ਫ਼ਤਾਰ ਕਰ ਲਿਆ ਜਾਵੇਗਾ। ਗ੍ਰਿਫਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਇਨ੍ਹਾਂ ਪਾਸੋਂ ਡੂੰਘਿਆਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਤਫਤੀਸ਼ ਅਜੇ ਜਾਰੀ ਹੈ।

ਰੋਜ਼ਾਨਾ ਲੋਕ ਬਾਣੀ

# ਇਨ੍ਹਾਂ ਸੂਬਿਆਂ ’ਚ ਅਗਲੇ ਤਿੰਨ ਦਿਨ ਬਾਰਸ਼ ਅਤੇ ਤੇਜ਼ ਹਵਾਵਾਂ ਦਾ ਅਲਰਟ



**ਦਿੱਲੀ/ਕਪੂਰ**

ਇਕ ਪਾਸੇ ਪਹਾੜੀ ਇਲਾਕਿਆਂ ’ਚ ਬਰਫਬਾਰੀ ਅਤੇ ਬਾਰਿਸ਼ ਦਾ ਸਿਲਸਿਲਾ ਜਾਰੀ ਹੈ, ਉਥੇ ਦੂਜੇ ਪਾਸੇ ਮੈਦਾਨੀ ਇਲਾਕਿਆਂ ’ਚ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ।

ਗੁਜਰਾਤ, ਮਹਾਰਾਸ਼ਟਰ, ਗੋਆ ਅਤੇ ਤੱਟਵਰਤੀ ਕਰਨਾਟਕ ਦੇ ਕਈ ਹਿੱਸਿਆਂ ਵਿੱਚ ਅੱਜ ਵੱਧ ਤੋਂ ਵੱਧ ਤਾਪਮਾਨ 37 ਤੋਂ 39 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਸਕਾਈਮੇਟ ਵੈਦਰ ਏਜੰਸੀ ਦੀ ਰਿਪੋਰਟ ਮੁਤਾਬਕ ਅਗਲੇ 2 ਤੋਂ 3 ਦਿਨਾਂ ਦੌਰਾਨ ਉੱਤਰੀ ਪੱਛਮੀ ਅਤੇ ਮੱਧ ਭਾਰਤ ਵਿੱਚ ਘੱਟੋ-ਘੱਟ ਤਾਪਮਾਨ ਹੌਲੀ-ਹੌਲੀ ਵਧ ਸਕਦਾ ਹੈ। ਉੱਤਰਾਖੰਡ, ਪੰਜਾਬ, ਹਰਿਆਣਾ, ਦਿੱਲੀ, ਕੋਂਕਣ ਅਤੇ ਗੋਆ, ਉੜੀਸਾ ਅਤੇ ਗੁਜਰਾਤ ਵਿੱਚ ਆਮ ਤਾਪਮਾਨ ਤੋਂ 2 ਤੋਂ 3 ਡਿਗਰੀ ਵੱਧ ਦਰਜ ਕੀਤਾ ਗਿਆ। ਨਾਰਥ ਈਸਟ ਦੀ ਗੱਲ ਕਰੀਏ ਤਾਂ ਮੌਸਮ ਵਿਭਾਗ ਦੀ ਰਿਪੋਰਟ ਮੁਤਾਬਕ ਅਰੁਣਾਚਲ ਪ੍ਰਦੇਸ਼, ਅਸਾਮ, ਮੇਘਾਲਿਆ, ਨਾਗਾਲੈਂਡ, ਸਿੱਕਮ ’ਚ 20 ਤੋਂ 22 ਫਰਵਰੀ ਤੱਕ ਤਿੰਨ ਦਿਨਾਂ ਤੱਕ ਹਲਕੀ ਬਾਰਿਸ਼ ਹੋ ਸਕਦੀ ਹੈ। ਇਸ ਤੋਂ ਇਲਾਵਾ 21 ਅਤੇ 22 ਫਰਵਰੀ ਨੂੰ ਅਰੁਣਾਚਲ ਪ੍ਰਦੇਸ਼, ਅਸਾਮ ਅਤੇ ਮੇਘਾਲਿਆ ਦੇ ਵੱਖ-ਵੱਖ ਥਾਵਾਂ ’ਤੇ ਗਰਜ ਨਾਲ ਤੂਫਾਨ ਆਉਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ ਅੱਜ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਵਿੱਚ ਦਰਮਿਆਨੀ ਬਾਰਿਸ਼ ਹੋ ਸਕਦੀ ਹੈ। ਗਿਲਗਿਤ-ਬਾਲਟਿਸਤਾਨ, ਮੁਜ਼ੱਫਰਾਬਾਦ, ਲੱਦਾਖ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਉੱਪਰਲੇ ਇਲਾਕਿਆਂ ’ਚ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਬਰਫਬਾਰੀ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ ਓਡੀਸ਼ਾ ਦੇ ਉੱਤਰੀ ਤੱਟ ਅਤੇ ਗੰਗਾ ਪੱਛਮੀ ਬੰਗਾਲ ਦੇ ਨਾਲ ਲੱਗਦੇ ਹਿੱਸਿਆਂ ’ਚ ਹਲਕੀ ਬਾਰਿਸ਼ ਹੋ ਸਕਦੀ ਹੈ। ਦੂਜੇ ਪਾਸੇ ਪਿਛਲੇ 24 ਘੰਟਿਆਂ ਦੇ ਮੌਸਮ ਦੀ ਗੱਲ ਕਰੀਏ ਤਾਂ ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਘੱਟੋ-ਘੱਟ ਤਾਪਮਾਨ ਆਮ ਨਾਲੋਂ ਕਿਤੇ ਵੱਧ ਰਿਹਾ।

ਮੌਸਮ ਵਿਭਾਗ ਮੁਤਾਬਕ ਐਤਵਾਰ ਸਵੇਰੇ ਦਰਮਿਆਨੀ ਤੋਂ ਸੰਘਣੀ ਧੁੰਦ ਦੇਖੀ ਜਾ ਸਕਦੀ ਹੈ। ਅੰਸ਼ਕ ਤਾਪਮਾਨ 31 ਅਤੇ ਘੱਟੋ-ਘੱਟ ਤਾਪਮਾਨ 13 ਡਿਗਰੀ ਤੱਕ ਰਹਿ ਸਕਦਾ ਹੈ। ਇਸ ਤੋਂ ਬਾਅਦ 20 ਫਰਵਰੀ ਨੂੰ ਹਲਕੀ ਧੁੰਦ ਬਣੀ ਰਹਿ ਸਕਦੀ ਹੈ।

# ਸਬ ਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜੇਸ਼ਨ (ਸਮੈਮ) ਸਕੀਮ ਅਧੀਨ ਵੱਖ-ਵੱਖ ਖੇਤੀਬਾੜੀ ਮਸ਼ੀਨਾਂ ਅਤੇ ਕਸਟਮ ਹਾਇਰਿੰਗ ਸੈਂਟਰਾਂ ਲਈ ਕਿਸਾਨ ਦੇ ਸਕਦੇ ਹਨ ਅਰਜ਼ੀਆਂ : ਡਿਪਟੀ ਕਮਿਸ਼ਨਰ

## ਸਬਸਿਡੀ ’ਤੇ ਮਸ਼ੀਨਾਂ ਲੈਣ ਲਈ ਕਿਸਾਨ ਮਿਤੀ 28 ਫਰਵਰੀ 2023 ਤੱਕ ਵਿਭਾਗ ਦੀ ਵੈਬਪੋਰਟਲ https://agrimachinerypb.com ’ਤੇ ਆਨਲਾਈਨ ਫਾਰਮ ਭਰ ਕੇ ਆਪਣੀ ਅਰਜ਼ੀ ਜਮਾ ਕਰਵਾਉਣ



**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪੰਜਾਬ ਰਾਜ ਵਿੱਚ ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵਲੋਂ ਕਿਸਾਨਾਂ ਨੂੰ ਵੱਖ-ਵੱਖ ਖੇਤੀਬਾੜੀ ਮਸ਼ੀਨਾਂ ਉੱਤੇ ਸਬਸਿਡੀ ਮੁਹੱਈਆ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਵਿੱਚ ਮਸ਼ੀਨੀਕਰਨ ਅਪਣਾਉਣ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿੱਚ ਮਸ਼ੀਨੀਕਰਨ ਅਪਣਾ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਕੇ ਆਪਣੀ ਆਰਥਿਕ ਸਿਹਤ ਵਿੱਚ ਸੁਧਾਰ ਕਰ ਸਕਦੇ ਹਨ ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਐਗਰੀਕਲਚਰਲ ਮੈਕਾਨਾਈਜੇਸ਼ਨ (ਸਮੈਮ)”ਤਹਿਤ ਵੱਖ-ਵੱਖ ਖੇਤੀ ਮਸ਼ੀਨਾਂ ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਪਟੈਟੋ ਪਲਾਟਰ ਆਟੋਮੈਟਿਕ ਅਤੇ ਸੈਮੀ ਆਟੋਮੈਟਿਕ, ਏਅਰ ਅਸਿਸਟਿਡ ਸਪਰੇਅਰ, ਨੁਮੈਟਿਕ ਪਲਾਂਟਰ, ਪਾਵਰ ਵੀਡਰ, ਟਰੈਕਟਰ ਅਪਰੇਟਡ ਫਰਟੀਲਾਈਜ਼ਰ ਬਰਾਡਕਾਸਟਰ, ਪੈਡੀ ਟਰਾਂਸਪਲਾਂਟਰ, ਰੈਜ਼ਡ ਬੈਡ ਪਲਾਂਟਰ, ਸਬ ਸੁਆਇਲਰ, ਸਿੰਗਲ ਰੋਅ ਫੋਡਰ ਹਾਰਵੈਸਟਰ, ਪਟੈਟੋ ਡਿੱਗਰ, ਡੀ.ਐਸ.ਆਰਡਰਿੱਲ, ਬੂਮ ਸਪਰੇਅਰ, ਪਾਵਰ ਹੈਰੋ, ਲੱਕੀ ਸੀਡ ਡਰਿੱਲ ਮਸ਼ੀਨਾਂ ਉੱਤੇ ਸਬਸਿਡੀ ਮੁਹੱਈਆ ਕਰਵਾਉਣ ਮਿਤੀ 28 ਫਰਵਰੀ 2023 ਤੱਕ ਵਿਭਾਗ ਦੇ ਵੈਬਪੋਰਟਲ https://agrimachinerypb.com ’ਤੇ ਆਨਲਾਈਨ ਫਾਰਮ ਭਰ ਕੇ ਆਪਣੀ ਅਰਜ਼ੀ ਜਮ ?ਹਾਂ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਕਸਟਮ ਹਾਈ ਰਿੰਗ ਸੈਂਟਰਾਂ ਦੀ ਸਥਾਪਨਾ ਕਰਨ ਲਈ ਵੀ ਸਬਸਿਡੀ ਦਿੱਤੀ ਜਾ ਰਹੀ ਹੈ। ਨਿਰਧਾਰਿਤ ਸਮੇਂ ਤੱਕ ਪੋਰਟਲ ’ਤੇ ਪ੍ਰਾਪਤ ਅਰਜੀਆਂ ਨੂੰ ਪ੍ਰਵਾਨਗੀ ਜਾਰੀ ਕਰਨ ਲਈ ਲਾਭਪਾਤਰੀਆਂ ਦੀ ਚੋਣ ਵਿਭਾਗ ਵਲੋਂ ਪ੍ਰਾਪਤ ਭੌਤਿਕੀ ਤੇ ਵਿੱਤੀ ਟੀਚੇ ਅਨੁਸਾਰ ਕੀਤੀ ਜਾਵੇਗੀ। ਪ੍ਰਵਾਨਿਤ ਮਸ਼ੀਨਰੀ ਨਿਰਮਾਤਾਵਾਂ ਡੀਲਰਾਂ ਦੀ ਸੂਚੀ ਪੋਰਟਲ ’ਤੇ ਹੀ ਉਪਲਬਧ ਕਰਵਾਈ ਜਾਵੇਗੀ। ਸਬਸਿਡੀ ਦੀਆਂ ਦਰਾਂ ਜਰਨਲ ਵਰਗ ਲਈ 40 ਫ਼ੀਸਦੀ, ਸਪੈਸ਼ਲ ਕੰਪੋਨੈਂਟ ਲਈ 50 ਫ਼ੀਸਦੀ ਅਤੇ ਕਸਟਮ ਹਾਈ ਰਿੰਗ ਸੈਂਟਰਾਂ ਲਈ 40 ਫ਼ੀਸਦੀ ਸਬਸਿਡੀ ਉਪਲਬਧ ਹੋਵੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਕਿਸਾਨ ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਜਾਂ ਦਫ਼ਤਰ ਖੇਤੀਬਾੜੀ ਇੰਜੀਨੀਅਰ ਵਿਖੇ ਸੰਪਰਕ ਕਰ ਸਕਦੇ ਹਨ।

# ਪੇਪਰਾਂ ਦੀ ਤਿਆਰੀ ਤੇ ਹੱਲ ਕਰਨ ਦੇ ਨੁਕਤੇ

**ਬੱਚਿਆਂ** ਨੂੰ ਪ੍ਰੀਖਿਆ ਵਿੱਚ ਸਫਲ ਹੋਣ ਲਈ ਪੜ੍ਹਾਈ ਦੀ ਸਮਾਂ ਸੂਚੀ ਤਿਆਰ ਕਰਨੀ ਚਾਹੀਦੀ ਹੈ। ਸਾਰੇ ਵਿਸ਼ਿਆਂ ਦੀ ਪੜ੍ਹਾਈ ਲਈ ਸਮਾਂ ਵੰਡ ਇਕਸਾਰ ਹੋਣੀ ਚਾਹੀਦੀ ਹੈ। ਜਿਨ੍ਹਾਂ ਵਿਸ਼ਿਆਂ ਵਿੱਚ ਵਿਦਿਆਰਥੀ ਕਮਜ਼ੋਰ ਹੋਵੇ, ਉਹਨਾਂ ਵਿਸ਼ਿਆਂ ਨੂੰ ਬਾਕੀ ਵਿਸ਼ਿਆਂ ਨਾਲੋਂ ਥੋੜ੍ਹਾ ਜ਼ਿਆਦਾ ਸਮਾਂ ਦੇਣਾ ਚਾਹੀਦਾ ਹੈ। ਕਦੇ ਵੀ ਵਿਦਿਆਰਥੀ ਨੂੰ ਸੌਖੇ ਵਿਸ਼ਿਆਂ ਤੇ ਸੌਖੇ ਪ੍ਰਸ਼ਨਾਂ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

ਕਈ ਵਿਦਿਆਰਥੀ ਪਹਿਲੇ ਦੋ-ਤਿੰਨ ਪੇਪਰਾਂ ਦੀ ਤਿਆਰੀ ਪੂਰੀ ਮਿਹਨਤ ਨਾਲ ਕਰਦੇ ਹਨ। ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰ੍ਹਾਂ ਰੱਟਾ ਲਗਾਉਂਦੇ ਹਨ। ਉਹ ਸਾਰਾ-ਸਾਰਾ ਦਿਨ ਪੜ੍ਹਦੇ ਹਨ। ਰਾਤ ਨੂੰ ਰੋਟੀ ਵੀ ਨਹੀਂ ਖਾਂਦੇ ਅਤੇ ਨੀਂਦ ਵੀ ਘੱਟ ਲੈਂਦੇ ਹਨ। ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਕੇਂਦਰ ਵਿੱਚ ਉਹ ਪੇਪਰ ਕਰਨ ਸਮੇਂ ਨੀਂਦ ਦੇ ਹੁਲਾਰੇ (ਝੂਟੇ) ਲੈਂਦੇ ਹਨ। ਵਿਦਿਆਰਥੀਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਪੜ੍ਹਨ, ਖੇਡਣ, ਟੀ.ਵੀ. ਪੋ ?ਰਗਰਾਮ ਦੇਖਣ, ਦੋਸਤਾਂ-ਮਿੱਤਰਾਂ ਨੂੰ ਮਿਲਣ, ਸੌਣ (ਆਰਾਮ), ਖਾਣ-ਪੀਣ ਆਦਿ ਲਈ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਤੇ ਪੇਪਰ ਹੱਲ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

- ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਨ ਲਈ ਕਦੇ ਵੀ ਰੱਟਾ ਨਾ ਲਗਾਉ।
- ਹਮੇਸ਼ਾਂ ਸ਼ਾਂਤ ਅਤੇ ਇਕਾਂਤ ਮਾਹੌਲ ਵਿੱਚ ਹੀ ਪੜ੍ਹੋ, ਪੜ੍ਹਨ ਵੇਲੇ ਰਾਤ ਨੂੰ ਟੇਬਲ ਲੈਂਪ ਦੀ ਵਰਤੋਂ ਕੀਤੀ ਜਾਵੇ ਤਾਂ ਚੰਗੀ ਗੱਲ ਹੈ।
- ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਕੇ ਦੇਖ ਲੈਣ ਨਾਲ ਗ਼ਲਤੀਆਂ ਦਾ ਪਤਾ ਲੱਗ ਜਾਂਦਾ ਹੈ।
- ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜ਼ਿਆਦਾ ਦੇਰ ਤੱਕ ਨਹੀਂ ਪੜ੍ਹਨਾ ਚਾਹੀਦਾ।
- ਪ੍ਰੀਖਿਆ ਵਾਲੇ ਦਿਨ ਅੰਮ੍ਰਿਤ ਵੇਲੇ ਉੱਠ ਕੇ ਯਾਦ ਕੀਤੇ ਪ੍ਰਸ਼ਨਾਂ ਦੀ ਇੱਕ ਵਾਰ ਦੁਹਰਾਈ ਜ਼ਰੂਰ ਕਰਨੀ ਚਾਹੀਦੀ ਹੈ।
- ਪ੍ਰੀਖਿਆ ਦੇਣ ਸਮੇਂ ਆਪਣਾ ਰੋਲ ਨੰਬਰ, ਪੈਨ, ਪੈਨਸਿਲ, ਜੁਮੈਟਰੀ ਬਾਕਸ, ਕਲਿੱਪ ਬੋਰਡ ਆਦਿ ਲੈ ਕੇ ਜਾਣਾ ਨਾ ਭੁੱਲੋ।



- ਪ੍ਰੀਖਿਆ ਵਾਲੇ ਦਿਨ ਘਰੋਂ ਚੱਲਣ ਲੱਗਿਆਂ ਤਰੋ-ਤਾਜ਼ਾ ਹੋ ਕੇ ਜਾਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਸਫਲਤਾਪੂਰਵਕ ਹੋਵੇ।
- ਪ੍ਰੀਖਿਆ ਕੇਂਦਰ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ (ਬੈਠਣ ਵਾਲੀ ਥਾਂ) ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ।
- ਪ੍ਰੀਖਿਆ ਦੇਣ ਸਮੇਂ ਆਪਣੀ ਸੀਟ ਤੇ ਬੈਠਣ ਤੋਂ ਪਹਿਲਾਂ ਆਸੇ-ਪਾਸੇ ਦੇਖ ਲੈਣ ਚਾਹੀਦਾ ਹੈ ਕਿ ਕੋਈ ਪਰਚੀ (ਕਾ.ਗਜ਼), ਕਿਤਾਬ, ਕਾਪੀ ਤਾਂ ਨਹੀਂ ਪਈ ਹੋਈ, ਕਿਉਂਕਿ ਕਈ ਵਾਰ ਕਿਸੇ ਵੱਲੋਂ ਪਹਿਲਾਂ ਸੁੱਟੀ ਹੋਈ ਪਰਚੀ ਜਾਂ ਪਹਿਲਾਂ ਪਿਆ ਹੋਇਆ ਕਾ.ਗਜ਼ ਵੀ ਤੁਹਾਨੂੰ ਮੁਸੀਬਤ ਵਿੱਚ ਪਾ ਸਕਦਾ ਹੈ।
- ਪ੍ਰੀਖਿਅਕ ਵੱਲੋਂ ਉੱਤਰ ਕਾਪੀ ਮਿਲਣ ਤੇ ਉਸ ਦੇ ਮੁੱਖ ਪੰਨੇ 'ਤੇ ਰੋਲ ਨੰਬਰ, ਪੇਪਰ, ਵਿਸ਼ਾ ਆਦਿ ਲਈ ਜੋ ਖਾਨੇ ਬਣੇ ਹੋਏ ਹਨ। ਉਹਨਾਂ ਵਿੱਚ ਸਾ.ਫ-ਸਾ.ਫ ਲਿਖੋ।
- ਪ੍ਰਸ਼ਨ ਪੱਤਰ ਮਿਲਣ 'ਤੇ ਹੀ ਸਭ ਤੋਂ ਪਹਿਲਾਂ ਇਸ ਦੇ ਸੱਜੇ ਕੋਨੇ ਤੇ ਆਪਣੇ ਰੋਲ ਨੰਬਰ ਲਿਖੋ, ਫਿਰ ਪ੍ਰਸ਼ਨ ਪੱਤਰ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਚੰਗੀ ਤਰ੍ਹਾਂ ਆਉਂਦੇ ਪ੍ਰਸ਼ਨਾਂ 'ਤੇ ਨਿਸ਼ਾਨ ਲਗਾਓ।
- ਜਿਹੜੇ ਪ੍ਰਸ਼ਨ ਚੰਗੀ ਤਰ੍ਹਾਂ ਆਉਂਦੇ ਹੋਣ, ਉਹਨਾਂ ਨੂੰ ਪਹਿਲਾਂ ਹੱਲ ਕਰੋ।
- ਉੱਤਰ ਕਾਪੀ 'ਤੇ ਲਿਖਣ ਤੋਂ ਪਹਿਲਾਂ ਦੋਵੇਂ ਪਾਸੇ ਸੱਜੇ ਅਤੇ ਖੱਬੇ ਜਗ ?ਹਾ ਛੱਡ ਕੇ ਹਾਸ਼ੀਆ ਲਗਾਓ। ਇਹ ਹਾਸ਼ੀਆ ਪੈਨਸਿਲ ਤੇ ਸਕੇਲ ਨਾਲ ਵੀ ਲਾ ਸਕਦੇ ਹੋ। ਜੇਕਰ ਇਹ ਤੁਹਾਡੇ ਕੋਲ ਨਹੀਂ ਹੈ ਤਾਂ ਦੋਵੇਂ ਪਾਸੇ ਲੋੜੀਂਦੀ ਜਗ ?ਹਾ ਛੱਡ ਕੇ ਕਾ.ਗਜ਼ ਮੋੜ ਕੇ ਤੈਅ ਲਗਾ ਸਕਦੇ ਹੋ।
- ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਉਹਨਾਂ ਨੂੰ ਅੱਧਵਾਟੇ ਨਾ ਛੱਡੋ। ਜੇਕਰ ਤੁਸੀਂ ਕਿਸੇ ਪ੍ਰਸ਼ਨ ਦਾ ਉੱਤਰ ਭੁੱਲ ਗਏ ਹੋ ਤਾਂ ਕੁਝ ਸਮਾਂ ਸੋਚ ਕੇ ਦੁਬਾਰਾ ਲਿਖਣਾ ਸ਼ੁਰੂ ਕਰ ਦਿਉ। ਜੇਕਰ ਉੱਤਰ ਯਾਦ ਨਹੀਂ ਆ ਰਿਹਾ ਤਾਂ ਜ਼ਿਆਦਾ ਸਮਾਂ ਬਰਬਾਦ ਨਾ ਕਰੋ। ਹੋਰ ਨਵੇਂ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰ ਦਿਉ।
- ਪ੍ਰਸ਼ਨਾਂ ਦੇ ਉੱਤਰ ਹੈਡਿੰਗ ਬਣਾ ਕੇ ਲਿਖੋ ਤੇ ਹਰ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਇੱਕ-ਦੋ ਲਾਈਨਾਂ ਛੱਡ ਕੇ ਅਗਲੇ ਪ੍ਰਸ਼ਨ ਦਾ ਉੱਤਰ ਲਿਖੋ।
- ਪ੍ਰਸ਼ਨਾਂ ਦੇ ਉੱਤਰ ਵਧੀਆ ਪੈੱਨ ਨਾਲ ਸਾ.ਫ-ਸਾ.ਫ ਲਿਖਣੇ ਚਾਹੀਦੇ ਹਨ।
- ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਆਪਣੇ ਨਾਲ ਹੀ ਲੈ ਕੇ ਜਾਉ ਤਾਂ ਕਿ ਕਿਸੇ ਵਿਦਿਆਰਥੀ ਤੋਂ ਮੰਗਣ ਸਮੇਂ ਸਮਾਂ ਖ਼ਰਾਬ ਨਾ ਹੋਵੇ।
- ਪੇਪਰ ਹੱਲ ਕਰਨ ਸਮੇਂ ਗੱਲਾਂ ਨਾ ਕਰੋ। ਨਾਂ ਹੀ ਜ਼ਿਆਦਾ ਸਮਾਂ ਪਾਣੀ ਪੀਣ ਜਾਂ ਬਾਥਰੂਮ ਜਾਣ ਸਮੇਂ ਖ਼ਰਾਬ ਕਰੋ।
- ਪੇਪਰ ਹੱਲ ਕਰਨ ਤੋਂ ਬਾਅਦ ਬਚੇ ਸਮੇਂ ਵਿੱਚ ਉੱਤਰ ਕਾਪੀ 'ਤੇ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਚੈਕ ਕਰੋ। ਜੇਕਰ ਕੋਈ ਛੋਟੀ ਮੋਟੀ ਗ਼ਲਤੀ ਰਹਿ ਗਈ ਹੋਵੇ ਜਾਂ ਕੋਈ ਸ਼ਬਦ-ਜੋੜ ਗ਼ਲਤ ਲਿਖੇ ਹੋਣ ਤਾਂ ਉਹਨਾਂ ਨੂੰ ਠੀਕ ਕਰੋ।

**-ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**#1138/63-ਏ, ਗੁਰੂ ਤੇ.ਗ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ ਲੁਧਿਆਣਾ**

# ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਪਿੰਡ ਗੋਸਲ ਦੇ ਵਿਕਾਸ ਲਈ 2 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਸੌਂਪਿਆ

## ਕਿਹਾ - ਖੋਖਲੇ ਦਾਅਵਿਆਂ 'ਤੇ ਨਹੀਂ, ਵਿਕਾਸ ਦੀ ਰਾਜਨੀਤੀ ਤੇ ਵਿਸ਼ਵਾਸ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਪਿੰਡ ਗੋਸਲ ਦੇ ਵਿਕਾਸ ਲਈ ਜਾਰੀ ਕੀਤੀ 2 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਇਲਾਕਾ ਨਿਵਾਸੀਆਂ ਨੂੰ ਭੇਟ ਕੀਤਾ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ, ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਲੋਕ ਸਭਾ ਹਲਕੇ ਦੇ ਲੋਕਾਂ ਦੇ ਵਿਕਾਸ ਲਈ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਉਨ੍ਹਾਂ ਵੱਲੋਂ ਲਗਾਤਾਰ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਉਹ ਫੋਕੇ ਦਾਅਵੇ ਕਰਨ ਦੇ ਉਲਟ ਵਿਕਾਸ ਦੀ ਰਾਜਨੀਤੀ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ।ਜਿੱਥੇ ਹੋਰਨਾਂ ਤੋਂ ਇਲਾਵਾ, ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ, ਸਤਵੀਰ ਸਿੰਘ ਪੱਲੀਝਿੱਕੀ, ਡਾ ਹਰਪ੍ਰੀਤ ਕੈਂਥ, ਦਰਵਜੀਤ ਪੂਨੀ, ਦਰਸ਼ਨ ਸਿੰਘ ਰਿਟਾਇਰਡ ਇੰਸਪੈਕਟਰ ਬਲਾਕ ਸਮਿਤੀ ਮੈਂਬਰ ਬੰਗਾ, ਚਰਨਜੀਤ ਸਿੰਘ ਸਾਬਕਾ ਸਰਪੰਚ, ਗੁਰਦਿਆਲ ਸਿੰਘ ਨੰਬਰਦਾਰ, ਅਜੈਬ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਮੁਕੇਸ਼ ਸਾਬਕਾ ਪੰਚ, ਮਹਿੰਦਰ ਸਿੰਘ ਮੈਂਬਰ ਪੰਚਾਇਤ, ਚਰਨਜੀਤ ਸਿੰਘ, ਸੁਰਜੀਤ ਸਿੰਘ ਯੂ.ਐਸ.ਏ., ਕੁਲਵੰਤ ਸਿੰਘ, ਰੇਸ਼ਮ ਸਿੰਘ, ਪ੍ਰਗਟ ਸਿੰਘ ਆਦਿ ਹਾਜ਼ਰ ਸਨ੍

# ਬੁੱਢਾ ਦਰਿਆ ਕਾਇਆ ਕਲਪ ਪ੍ਰੋਜੈਕਟ : ਪੰਜਾਬ ਦੇ ਮੁੱਖ ਮੰਤਰੀ ਭਲਕੇ ਜਮਾਲਪੁਰ ਐਸਟੀਪੀ ਦਾ ਕਰਨਗੇ ਉਦਘਾਟਨ

## ਵਿਧਾਇਕ ਦਲਜੀਤ ਸਿੰਘ ਗਰੇਵਾਲ ਅਤੇ ਡਿਪਟੀ ਕਮਿਸ਼ਨਰ ਵਲੋਂ ਸਮਾਗਮ ਦੀਆਂ ਤਿਆਰੀਆਂ ਦੀ ਸਮੀਖਿਆ



**ਲੁਧਿਆਣਾ/ਸੁਖਚੈਨ ਮਹਿਰਾ ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਨੂੰ ਜਮਾਲਪੁਰ ਵਿੱਚ 315 ਕਰੋੜ ਰੁਪਏ ਦੀ ਲਾਗਤ ਨਾਲ ਬਣੇ 225 ਐਮਐਲਡੀ ਸੀਵਰੇਜ ਟਰੀਟਮੈਂਟ ਪਲਾਂਟ (ਐਸਟੀਪੀ) ਦਾ ਉਦਘਾਟਨ ਕਰਨਗੇ। ਇਹ ਪੰਜਾਬ ਰਾਜ ਦਾ ਸਭ ਤੋਂ ਵੱਡਾ ਐਸਟੀਪੀ ਹੈ। ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਅਤੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਨਵੇਂ ਬਣੇ 225 ਐਮਐਲਡੀ ਐਸਟੀਪੀ ਦੇ ਕੰਮ ਦਾ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਐਸਟੀਪੀ ਬੁੱਢਾ ਦਰਿਆ ਦੇ ਪੁਨਰ ਸੁਰਜੀਤੀ ਲਈ ਚੱਲ ਰਹੇ ਪ੍ਰੋਜੈਕਟ ਦਾ ਇੱਕ ਹਿੱਸਾ ਹੈ।

ਵਿਧਾਇਕ ਗਰੇਵਾਲ ਅਤੇ ਡੀਸੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਸੁਚੱਜੇ ਢੰਗ ਨਾਲ ਵਿਉਂਤਬੰਦੀ ਅਤੇ ਅਮਲ ਕਰਕੇ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਮੀਟਿੰਗ ਦੌਰਾਨ ਨਗਰ ਨਿਗਮ ਕਮਿਸ਼ਨਰ ਡਾ: ਸ਼ੇਨਾ ਅਗਰਵਾਲ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਸੀਈਓ ਮਾਲਵਿੰਦਰ ਸਿੰਘ ਜੱਗੀ, ਗਲਾਡਾ ਦੀ ਵਧੀਕ ਮੁੱਖ ਪ੍ਰਸ਼ਾਸਕ ਅਮਰਪ੍ਰੀਤ ਕੌਰ ਸੰਧੂ, ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਅਮਰਜੀਤ ਬੈਂਸ, ਨਗਰ ਨਿਗਮ ਦੇ ਵਧੀਕ ਕਮਿਸ਼ਨਰ ਅਦਿੱਤਿਆ ਡਚਲਵਾਲ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਸਾਕਾ ਸ਼੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਆਯੋਜਿਤ



**ਲੁਧਿਆਣਾ/ਲੋਕ ਬਾਣੀ**

ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਵੱਲੋਂ ਅੱਜ ਗੁਰਦੁਆਰਾ ਸ਼੍ਰੀ ਗੁਰੁ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਸ਼ ?ਰੀ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਬਲਦੇਵ ਸਿੰਘ ਬੁਲੰਦਪੁਰੀ ਹਜ਼ੂਰੀ ਰਾਗੀ ਸੱਚਖੰਡ ਸ਼ ?ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਨਾਲ ਹੀ ਸੁਸਾਇਟੀ ਦੇ ਮੁੱਖ ਸੇਵਾਦਾਰ ਸ.ਭੁਪਿੰਦਰ ਸਿੰਘ ਨੇ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਦਾ ਮੋਰਚਾ ਸਿੱਖ ਇਤਿਹਾਸ ਦੀ ਗੌਰਵਸ਼ਾਲੀ ਵਿਰਾਸਤ ਹੈ। ਜੋ ਸਾਨੂੰ ਵਰਤਮਾਨ ਵਿੱਚ ਵੀ ਹਰ ਪ੍ਰਕਾਰ ਦੇ ਸਮਕਾਲੀ ਜ਼ੁਲਮ,ਜ਼ਬਰ ਤੇ ਅਨਿਆਂ ਵਿਰੁੱਧ ਅੜਨ,ਲੜਨ ਤੇ ਹੱਕ ਸੱਚ ਦੀ ਸਥਾਪਤੀ ਲਈ ਤਨਦੇਹੀ ਨਾਲ ਯਤਨਸ਼ੀਲ ਹੋਣ ਵਾਸਤੇ ਪ੍ਰੇਰਨਾ ਬਖਸ਼ਦਾ ਹੈ ਉਨ੍ਹਾਂ ਨੇ ਸਾਕਾ ਨਨਕਾਣਾ ਸਾਹਿਬ ਦੇ ਮੋਰਚੇ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ, ਸਿੰਘਣੀਆਂ ਤੇ ਭੁਜੰਗੀਆਂ ਦੀ ਲਾਸਾਨੀ ਸ਼ਹਾਦਤਾਂ ਨੂੰ ਆਪਣਾ ਸਿੱਜਦਾ ਭੇਟ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜੋਕੇ ਸਮੇਂ ਦੀ ਨੌਜਵਾਨ ਪੀੜ੍ਹੀ ਤੇ ਬੱਚਿਆਂ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਅਤੇ ਗੁਰੂ ਸਾਹਿਬਾਂ ਵੱਲੋ ਬਖਸ਼ੇ ਸਿਮਰਨ ਤੇ ਸ਼ਕਤੀ ਦੇ ਸਕੰਲਪ ਦੇ ਨਾਲ ਜੋੜਨ ਲਈ ਵੱਧ ਤੋ ਵੱਧ ਉਪਰਾਲੇ ਤੇ ਯਤਨ ਕਰਨੇ ਚਾਹੀਦੇ ਹਨ ਤਾਂ ਹੀ ਸਿੱਖੀ ਦੀ ਫੁੱਲਵਾੜੀ ਹੋਰ ਮਹਿਕ ਸਕੇਗੀ।ਇਸ ਦੌਰਾਨ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ.ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਾਝੇ ਤੌਰ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਬਲਦੇਵ ਸਿੰਘ ਬੁਲੰਦਪੁਰੀ ਤੇ ਉਨ੍ਹਾਂ ਦੇ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਉ ਭੇਟ ਕੀਤੇ ।ਇਸ ਦੌਰਾਨ ਸ.ਭੁਪਿੰਦਰ ਸਿੰਘ ਨੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਲੇ ਹਫਤਾਵਾਰੀ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਲਖਵੀਰ ਸਿੰਘ, ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦਾ ਕੀਰਤਨੀ ਜੱਥਾ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ।ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮਕੱੜ,ਜਤਿੰਦਰਪਾਲ ਸਿੰਘ ਸਲੂਜਾ ਕਰਨੈਲ ਸਿੰਘ ਬੇਦੀ, ਪ੍ਰਿਤਪਾਲਸਿੰਘ,ਬਲਬੀਰ ਸਿੰਘ ਭਾਟੀਆ,ਸਰਪੰਚ ਗੁਰਚਰਨ ਸਿੰਘ ਖੁਰਾਣਾ ,ਜਗਬੀਰ ਸਿੰਘ ਡੀ.ਜੀ.ਐਮ ਜੀਤ ਸਿੰਘ, ਗੁਰਵਿੰਦਰ ਸਿੰਘ ਆੜਤੀ, ਸੁਰਿੰਦਰ ਸਿੰਘ ਸਚਦੇਵਾ,ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ, ਹਰਕੀਰਤ ਸਿੰਘ ਬਾਵਾ,ਰਜਿੰਦਰ ਸਿੰਘ ਮੱਕੜ, ਮਨਿੰਦਰ ਸਿੰਘ ,ਸੁਰਿੰਦਰਪਾਲ ਸਿੰਘ ਭੁਟਆਣੀ,ਅਵਤਾਰ ਸਿੰਘ ਮਿੱਡਾ, ਜਗਦੇਵ ਸਿੰਘ ਕਲਸੀ, ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਅਤੱਰ ਸਿੰਘ ਮੱਕੜ ,ਰਜਿੰਦਰ ਸਿੰਘ ਡੰਗ,ਭੁਪਿੰਦਰਪਾਲ ਸਿੰਘ, ਜਤਿੰਦਰਪਾਲ ਸਿੰਘ ,ਹਰਜੀਤ ਸਿੰਘ, ਹਰਮੀਤ ਸਿੰਘ ਡੰਗ, ਰਣਜੀਤ ਸਿੰਘ ਖਾਲਸਾ, ਏ.ਪੀ. ਸਿੰਘ ਅਰੋੜਾ, ਗੁਰਪ੍ਰੀਤ ਸਿੰਘ ਪ੍ਰਿੰਸ, ਸੁਖਪ੍ਰੀਤ ਸਿੰਘ ਮਨੀ, ਬਾਦਸ਼ਾਹ ਦੀਪ ਸਿੰਘ,ਕਰਨਦੀਪ ਸਿੰਘ, ਮਨਜੀਤ ਸਿੰਘ ਟੋਨੀ, ਬਲ ਫਤਹਿ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪਾਵਰ ਪਲਾਂਟ ਦੀ ਸੁਆਹ ਬੰਦ ਕਰਵਾਉਣ ਲਈ 21 ਫਰਵਰੀ ਦੇ ਚੰਡੀਗੜ੍ਹ ਚੌਂਕ ਨਵਾਂਸ਼ਹਿਰ ਦੇ ਧਰਨੇ ਦੀਆਂ ਤਿਆਰੀਆਂ ਜ਼ੋਰਾਂ ’ਤੇ

### ਸੱਤ ਸਬ ਕਮੀਟੀਆਂ ਕਰ ਰਹੀਆਂ ਹਨ ਦਿਨ ਰਾਤ ਇਕ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਕੋਜੈਨਰੇਸ਼ਨ ਪਾਵਰ ਪਲਾਂਟ ਨਵਾਂਸ਼ਹਿਰ ਦੀ ਸੁਆਹ ਬੰਦ ਕਰਾਉਣ ਲੋਕ ਸੰਘਰਸ਼ ਮੰਚ ਵੱਲੋਂ 21 ਫਰਵਰੀ ਨੂੰ ਚੰਡੀਗੜ ਚੌਂਕ ਨਵਾਂਸ਼ਹਿਰ ਵਿਖੇ ਲਾਏ ਜਾ ਰਹੇ ਧਰਨੇ ਦੀਆਂ ਤਿਆਰੀਆਂ ਜ਼ੋਰਾਂ ਉੱਤੇ ਹਨ। ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਦੇ ਕਨਵੀਨਰ ਜਸਬੀਰ ਦੀਪ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸਦੀ ਤਿਆਰੀ ਲਈ ਬਣਾਈਆਂ ਗਈਆਂ 7 ਸਬ ਕਮੇਟੀਆਂ ਸ਼ਹਿਰ ਦੇ ਮੁਹੱਲਿਆਂ ਅਤੇ ਪ੍ਰਭਾਵਿਤ ਪਿੰਡਾਂ ਵਿੱਚ ਜਾਕੇ ਲੋਕਾਂ ਨੂੰ ਇਸ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਤਿਆਰ ਕਰ ਰਹੀਆਂ ਹਨ।ਜਿਹਨਾਂ ਵਿੱਚ ਜਰਨੈਲ ਸਿੰਘ ਖਾਲਸਾ ,ਸਤੀਸ਼, ਪ੍ਰਿੰਸੀਪਲ ਬਿਕਰਮਜੀਤ ਸਿੰਘ, ਡਾਕਟਰ ਗੁਰਮਿੰਦਰ ਸਿੰਘ ਬਡਵਾਲ, ਜਸਵੀਰ ਕੌਰ ਐਮ.ਸੀ,ਹਰਬੰਸ ਕੌਰ, ਬਲਵਿੰਦਰ ਕੌਰ, ਮਜਿੰਦਰ ਕੌਰ, ਕਿਰਨਜੀਤ ਕੌਰ,ਪਰਦੀਪ ਕੁਮਾਰ ਚਾਂਦਲਾ, ਵਿਵੇਕ ਮਾਰਕੰਡਾ, ਮੁਕੇਸ਼ ਬਿੱਟੂ, ਰਜਨੀ ਕੰਡਾ,ਅਸ਼ਵਨੀ ਜੋਸ਼ੀ, ਜਸਪਾਲ ਸਿੰਘ ਗਿੱਦਾ, ਸੋਹਣ ਸਿੰਘ ਸਲੇਮਪੁਰੀ, ਗਰੀਬ ਦਾਸ,ਪ੍ਰੋਫੈਸਰ ਇਕਬਾਲ ਸਿੰਘ ਚੀਮਾ, ਪ੍ਰੋਫੈਸਰ ਦਿਲਬਾਗ ਸਿੰਘ ਬਲਵੀਰ ਕੁਮਾਰ, ਸਤਨਾਮ ਸਿੰਘ ਗੁਲਾਟੀ,ਸਤਨਾਮ ਸਿੰਘ ਸੁੱਜੋਂ,ਪਰਵੀਨ ਕੁਮਾਰ ਨਿਰਾਲਾ, ਹਰੇ ਰਾਮ ਸਿੰਘ, ਪੁਨੀਤ ਕਲੇਰ, ਬਿੱਲਾ ਗੁੱਜਰ, ਹਰਮੇਸ਼ ਗੁਲੇਰੀਆ, ਜਸਵਿੰਦਰ ਸਿੰਘ ਜੱਸੀ ਅਤੇ ਹੋਰ ਆਗੂ ਸ਼ਾਮਲ ਹਨ।ਇਹ ਧਰਨਾ ਲਾਉਣ ਦਾ ਫੈਸਲਾ ਮੰਚ ਦੀ 5 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਲਿਆ ਗਿਆ ਸੀ। ਉਹਨਾਂ ਕਿਹਾ ਹੈ ਕਿ ਜਿਲਾ ਪ੍ਰਸ਼ਾਸਨ ਨੇ ਸ਼ਹਿਰ ਵਾਸੀਆਂ ਨਾਲ ਇਹ ਵਾਅਦਾ ਕੀਤਾ ਸੀ ਕਿ 15 ਫਰਵਰੀ ਤੱਕ ਇਸ ਮਸਲੇ ਦਾ ਸਥਾਈ ਹੱਲ ਕਰਕੇ ਸ਼ਹਿਰ ਵਾਸੀਆਂ ਨੂੰ ਪੱਕੇ ਤੌਰ ਉੱਤੇ ਸੁਆਹ ਤੋਂ ਛੁਟਕਾਰਾ ਦਿਵਾ ਦਿੱਤਾ ਜਾਵੇਗਾ ਪਰ ਪ੍ਰਸ਼ਾਸਨ ਇਹ ਤਾਰੀਖ਼ਾਂ ਅੱਗੇ ਤੋਂ ਅੱਗੇ ਪਾਈ ਜਾ ਰਿਹਾ ਹੈ ਜਦਕਿ ਪ੍ਰਸ਼ਾਸਨ ਦੀ ਜਿੰਮੇਵਾਰੀ ਬਣਦੀ ਹੈ ਕਿ ਸ਼ਹਿਰ ਵਾਸੀਆਂ ਉੱਤੇ ਡਿੱਗਦੀ ਸੁਆਹ ਬੰਦ ਕਰਵਾਏ।ਉਹਨਾਂ ਕਿਹਾ ਕਿ ਕਰੀਬ ਤਿੰਨ ਮਹੀਨੇ ਤੋਂ ਪਾਵਰ ਪਲਾਂਟ ਦੀ ਜ਼ਹਿਰੀਲੀ ਸੁਆਹ ਡਿੱਗ ਰਹੀ ਹੈ ਜਿਸਦੇ ਲਈ ਪਾਵਰ ਪਲਾਂਟ ਦੇ ਪ੍ਰਬੰਧਕਾਂ ਦੇ ਨਾਲ ਨਾਲ ਜਿਲਾ ਪ੍ਰਸ਼ਾਸਨ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਵੀ ਬਰਾਬਰ ਦੇ ਜੁੰਮੇਵਾਰ ਹਨ ਜਿਹਨਾਂ ਪ੍ਰਤੀ ਨਵਾਸ਼ਹਿਰ ਵਾਸੀ ਗੁੱਸੇ ਨਾਲ ਭਰੇ ਪਏ ਹਨ।ਉਹਨਾਂ ਸ਼ਹਿਰ ਦੀਆਂ ਸਮੂੰਹ ਸਮਾਜਿਕ, ਧਾਰਮਿਕ ,ਸੰਘਰਸ਼ਸ਼ੀਲ ਜਥੇਬੰਦੀਆਂ, ਮਿਉਂਸਪਲ ਕੌਸਲਰਾਂ ਅਤੇ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ 21 ਫਰਵਰੀ ਨੂੰ ਠੀਕ 10 ਵਜੇ ਗੁਰਦੁਆਰਾ ਸਿੰਘ ਸਭਾ ਵਿਖੇ ਇਕੱਠੇ ਹੋਣ।

# ਵਿਮੁਕਤ ਜਾਤੀਆ ਦੇ ਨੌਜਵਾਨਾਂ ਨੂੰ ਵੱਖ-ਵੱਖ ਭਾਗਾਂ ਵਿੱਚ ਮਿਲੇ ਦੋ ਪ੍ਰਤੀਸ਼ਤ ਅਧਾਰ ਤੇ ਨੌਕਰੀ ਦਿਵਾਉਣ ਲਈ ਡਾਕਟਰ ਬਲਜੀਤ ਕੌਰ ਜੀ ਦੇ ਘਰ ਅੱਗੇ ਧਰਨਾ ਜਾਰੀ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਹਬ**

ਵਿਮੁਕਤ ਜਾਤੀਆਂ ਨੂੰ ਸਰਕਾਰੀ ਨੌਕਰੀਆਂ ਵਿੱਚ 18 ਦਸੰਬਰ 2020 ਨੂੰ ਜਾਰੀ ਹੋਈ ਸੋਧ ਪੱਤਰ ਅਨੁਸਾਰ ਮਿਲ ਰਹੇ ਦੋ ਪ੍ਰਤੀਸ਼ਤ ਰਾਖਵੇਂਕਰਨ ਦੇ ਆਧਾਰ ਤੇ ਸਿੱਖਿਆ ਵਿਭਾਗ ਵਿੱਚ 6635 ਅਧਿਆਪਕਾਂ ਦੀ ਭਰਤੀ ਅਤੇ ਹੋਰ ਭਾਗਾਂ ਵਿਚ ਆ ਰਹੀਆਂ ਨਿਯੁਕਤੀਆਂ ਪੱਤਰ ਦਿਵਾਉਣ ਤੇ ਵਿਮੁਕਤ ਜਾਤੀਆਂ ਨੂੰ ਮਿਲੇ ਰਾਖਵੇਂਕਰਨ ਦੇ ਵਿਰੁੱਧ 15 ਸਤੰਬਰ 2022 ਨੂੰ ਜਾਰੀ ਹੋਏ ਪੱਤਰ ਨੂੰ ਰੱਦ ਕਰਵਾਉਣ ਲਈ ਲਗਭੱਗ ਪਿਛਲੇ 4 ਮਹੀਨਿਆਂ ਤੋਂ ਵਿਮੁਕਤ ਜਾਤੀਆਂ ਵੱਲੋਂ ਫਰੀਦਕੋਟ ਵਿਖੇ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਪੰਜਾਬ ਸਰਕਾਰ ਦੇ ਘਰ ਧਰਨਾ ਦੇ ਰਹੇ ਬਜ਼ੁਰਗਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ ਪਿਛਲੇ ਦਿਨੀਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਦੇ ਇਸ਼ਾਰੇ ਤੇ ਪੰਜਾਬ ਪੁਲੀਸ ਵੱਲੋਂ ਧਰਨਾਕਾਰੀਆਂ ਨੇ ਧਰਨਾ ਸਥਾਨ ਤੇ ਜਬਰੀ ਚੁੱਕ ਲਿਆ ਵਾਹਿਗੁਰੂ ਸਿੰਘ ਕਾਬਲਵਾਲਾ ਯੂਥ ਪ੍ਰਧਾਨ ਪੰਜਾਬ ਨੂੰ 3-30 ਰਾਤ ਨੂੰ ਘਰੋਂ ਚੁੱਕ ਲਿਆ ਗਿਆ ਪੱਗ ਬੰਨਣ ਦਾ ਸਮਾਂ ਵੀ ਨਹੀਂ ਦਿੱਤਾ ਗਿਆ ਅਤੇ ਰਾਤੋ-ਰਾਤ ਸਦਰ ਥਾਣਾ ਫਰੀਦਕੋਟ ਲਗਾਇਆ ਗਿਆ ਪੰਜਾਬ ਸਰਕਾਰ ਦੇ ਇਸ ਰਵਈਏ ਦੀ ਨਿਖੇਧੀ ਕਰਦੇ ਹੋਏ ਸੂਬਾ ਆਗੂ ਪਰਮਜੀਤ ਸਿੰਘ ਬਰਗਾੜੀ ਨਛੱਤਰ ਸਿੰਘ ਗੁਰਦੇਵ ਸਿੰਘ ਚਰਨ ਕਰਨੈਲ ਸਿੰਘ ਬਰਗਾੜੀ ਸੁਰਜੀਤ ਸਿੰਘ ਗੋਲਡੀ ਅਤੇ ਗੁਰਮੇਲ ਸਿੰਘ ਮਨਿੰਦਰਜੀਤ ਸਿੰਘ ਧਾਰੋਵਾਲ ਲਛਮਣ ਸਿੰਘ ਸੁਖਦੇਵ ਸਿੰਘ ਫੋਜੀ ਅਤੇ ਅੰਮ੍ਰਿਤਸਰ ਦੇ ਆਗੂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦਾ ਵਿਮੁਕਤ ਜਾਤੀਆਂ ਪ੍ਰਤੀ ਰੱਵਈਆ ਨਿੰਦਣਯੋਗ ਹੈ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਵਿਰੋਧਤਾ ਕਰਨ ਪਹੁੰਚੇ ਵਿਮੁਕਤ ਜਾਤੀਆਂ ਦੇ ਆਗੂਆਂ ਨੂੰ ਇਸ ਸਬੰਧੀ ਫਰੀਦਕੋਟ ਮਾਣਯੋਗ ਐਸਐਸਪੀ ਹਰਜੀਤ ਸਿੰਘ ਵੱਲੋਂ ਆਉਣ ਵਾਲੇ ਦਿਨਾਂ ਵਿਚ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਹੈ ਦਾ ਇੰਤਜ਼ਾਰ ਕੀਤਾ ਜਾਵੇਗਾ ਜੇਕਰ ਆਉਣ ਵਾਲੇ ਦਿਨਾਂ ਵਿਚ ਮੀਟਿੰਗ ਨਹੀਂ ਕਰਵਾਈ ਜਾਂਦੀ ਤਾਂ ਪੰਜਾਬ ਸਰਕਾਰ ਦੇ ਪਿੰਡ ਪਿੰਡ ਅਤੇ ਹਰ ਸ਼ਹਿਰ ਸ਼ਹਿਰ ਵਿੱਚ ਪੰਜਾਬ ਸਰਕਾਰ ਦੀ ਵਿਰੋਧਤਾ ਕੀਤੀ ਜਾਵੇਗੀ ।

# ਧਾਰਮਿਕ ਵਿਰਾਸਤੀ ਧਰੋਹਰ : ਪ੍ਰਾਚੀਨ ਸ਼ਿਵ ਮੰਦਰ ਕਲਾਨੌਰ



**ਇਤਿਹਾਸਕ** ਤੇ ਪ੍ਰਸਿੱਧ ਕਸਬਾ ਕਲਾਨੌਰ, ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਸਥਿਤ ਹੈ, ਜੋ ਗੁਰਦਾਸਪੁਰ ਤੋਂ ਕਰੀਬ 26 ਕਿੱਲੋਮੀਟਰ ਪੱਛਮ ਵੱਲ ਪਾਕਿਸਤਾਨ ਦੀ ਸਰਹੱਦ ਕੋਲ ਹੈ। ਇਸ ਦੀ ਅਹਿਮ ਪਛਾਣ ਪ੍ਰਾਚੀਨ ਸ਼ਿਵ ਮੰਦਰ ਤੋਂ ਇਲਾਵਾ ਮੁਗ਼ਲ ਸਮਰਾਟ ਅਕਬਰ ਦੀ 1556 'ਚ ਇੱਥੇ ਤਾਜਪੋਸ਼ੀ ਹੋਣ, ਬਾਬਾ ਬੰਦਾ ਸਿੰਘ ਬਹਾਦਰ ਦੀ ਚਰਣ ਛੋਹ ਪ੍ਰਾਪਤ ਹੋਣ ਅਤੇ ਬਾਵਾ ਲਾਲ ਜੀ ਦਾ ਤਪ ਅਸਥਾਨ ਹੋਣ ਕਰਕੇ ਵਧੇਰੇ ਮਕਬੂਲ ਹੈ।

ਇਤਿਹਾਸਕ ਸਰੋਤਾਂ 'ਚ ਇਹ ਇਕ ਪੁਰਾਣਾ ਸ਼ਹਿਰ ਅਤੇ ਹਿੰਦੂਆਂ ਦੀ ਆਸਥਾ ਦਾ ਕੇਂਦਰ ਹੈ, ਜਿਸ ਦਾ ਨਾਮਕਰਨ ਕੁੱਲਾ ਅਤੇ ਨੂਰਾ ਨਾਮਕ ਦੋ ਵਿਅਕਤੀਆਂ ਦੇ ਨਾਮ ਨੂੰ ਮਿਲਾ ਕੇ ਕਲਾਨੌਰ ਰੱਖਿਆ ਗਿਆ। ਅਠਾਰ੍ਹਵੀਂ ਸਦੀ ਵਿੱਚ ਮੁਗਲਾਂ ਦੇ ਅੱਤਿਆਚਾਰਾਂ ਵਿਰੁੱਧ ਸੰਘਰਸ਼ ਵਿੱਢਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ 1710 ਵਿਚ ਸਰਹਿੰਦ ਨੂੰ ਜਿੱਤ ਕੇ ਫ਼ਤਿਹ ਦੇ ਨਗਾਰੇ ਨਾਲ ਖ਼ਾਲਸਾਈ ਨਿਸ਼ਾਨ ਝੁਲਾਉਂਦਿਆਂ ਸਿੱਖ ਰਾਜ ਦੀ ਨੀਂਹ ਰੱਖੀ, ਉਸ ਵਕਤ ਅਨੇਕਾਂ ਖੇਤਰਾਂ ਉਪਰੰਤ ਕਲਾਨੌਰ 'ਤੇ ਵੀ ਕਬਜ਼ਾ ਜਮਾਲਿਆ ਗਿਆ ਸੀ।

ਪੂਰੇ ਭਾਰਤ ਵਿੱਚ ਭਗਵਾਨ ਸ਼ੰਕਰ ਦੇ ਜਿਉਤਿਰਲਿੰਗਾਂ ਦੇ ਤਿੰਨ ਪ੍ਰਮੁੱਖ ਸਥਾਨ ਕੈਲਾਸ਼, ਕਾਂਸੀ ਅਤੇ ਕਲਾਨੌਰ ਵਿੱਚ ਹਨ। ਇਸ ਮੰਦਰ ਵਿਚ ਸ਼ਿਵਲਿੰਗ ਲੇਟੀ ਹੋਈ ਅਵਸਥਾ 'ਚ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਦਾ ਆਕਾਰ ਲਗਾਤਾਰ ਵੱਧ ਰਿਹਾ ਹੈ । ਪ੍ਰਾਚੀਨ ਸ਼ਿਵ ਮੰਦਿਰ ਬਹੁਤ ਵੱਡੀ ਚੱਟਾਨ ਦੇ ਰੂਪ ਵਿਚ ਬਣਿਆ ਹੋਇਆ ਹੈ। ਇਸ ਦਾ ਬਹੁਤ ਹਿੱਸਾ ਜ਼ਮੀਨ 'ਚ ਹੀ ਦੱਬਿਆ ਪਿਆ ਹੈ। 1388 ਈ. ਵਿੱਚ ਇਸ ਮੰਦਰ ਨੂੰ ਮਹਾਂਕਲੇਸ਼ਵਰ ਵੀ ਕਿਹਾ ਜਾਂਦਾ ਸੀ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਸ਼ਿਵ ਪੁੱਤਰਾਂ ਕ੍ਰਾਤਿਕ ਅਤੇ ਗਣੇਸ਼ ਵਿਚ ਗੱਦੀ ਨੂੰ ਲੈ ਕੇ ਝਗੜਾ ਹੋਇਆ ਤਾਂ ਕ੍ਰਾਤਿਕ ਅਚੱਲ ਸਾਹਿਬ ਬਟਾਲੇ ਦੇ ਨੇੜੇ ਆ ਕੇ ਰਹਿਣ ਲਗ ਪਿਆ। ਤਾਂ ਸ਼ਿਵ ਜੀ ਦੇਵਤਿਆਂ ਦੇ ਕਹਿਣ 'ਤੇ ਉਸ ਨੂੰ ਸਮਝਾਉਣ ਵਾਸਤੇ ਇੱਥੇ ਆਏ ਅਤੇ ਠਹਿਰੇ । ਸਥਾਨਕ ਮਾਨਤਾ ਅਨੁਸਾਰ ਇਸ ਪੁਰਾਣੇ ਮੰਦਿਰ ਨੂੰ ਖ਼ ?ਲਜੀ ਵਰਗੇ ਹਮਲਾਵਰਾਂ ਨੇ ਢਾਹ ਦਿੱਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਅਕਬਰ ਦੇ ਸਮੇਂ ਸੈਨਿਕਾਂ ਦੇ ਘੋੜੇ ਮੰਦਰ ਅਸਥਾਨ ਉੱਤੋਂ ਜਿਹੜੇ ਲੰਘਦੇ ਸਨ , ਉਹ ਇਸ ਜਿਉਤਰਲਿੰਗ ਨਾਲ ਟਕਰਾ ਕੇ ਅੰਨ੍ਹੇ- ਲੰਗੜੇ ਹੋ ਜਾਂਦੇ ਸਨ । ਇਹ ਸੁਣ ਕੇ ਪਰਖਣ ਲਈ ਅਕਬਰ ਵੀ ਏਥੇ ਆਇਆ ਅਤੇ ਉਸ ਦਾ ਘੋੜਾ ਦੀ ਅੰਨ੍ਹਾ ਹੋ ਗਿਆ, ਜਿਸ ਕਾਰਨ ਅਕਬਰ ਨੇ ਇਸ ਜਗ ?ਹਾ ਦੀ ਖ਼ੁਦਾਈ ਕਰਵਾਈ ਤਾਂ ਹੇਠੋਂ ਜਿਉਤਿਰਲਿੰਗ ਨਿਕਲਿਆ । ਉਸ ਨੇ ਪੰਡਤਾਂ ਦੇ ਕਹਿਣ ਤੇ ਪੂਜਾ ਕਰਵਾ ਕੇ ਮੰਦਰ ਦੀ ਸਥਾਪਨਾ ਕੀਤੀ। ਅਕਬਰ ਦੇ ਸਮੇਂ ਇਸ ਦੀ ਬਣਤਰ ਅੰਦਰੋਂ ਮੰਦਰ ਅਤੇ ਬਾਹਰੋਂ ਮੁਗ਼ਲਈ ਇਮਾਰਤਸਾਜ਼ੀ ਵਾਲੀ ਸੀ । ਮੁਗ਼ਲ ਸਮਰਾਟ ਸ਼ਾਹਜਹਾਂ ਦੇ ਰਾਜ ਸਮੇਂ ਕੱਟੜਪੰਥੀਆਂ ਨੇ ਇੱਥੇ ਮੰਦਰ ਨੂੰ ਢਾਹ ਕੇ ਮਸਜਿਦ ਉਸਾਰ ਦਿੱਤੀ ਗਈ । ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੂਰ ਤਕ ਫੈਲਿਆ ਤਾਂ ਕਲਾਨੌਰ ਵੀ ਖ਼ਾਲਸਾ ਰਾਜ ਦੇ ਅਧੀਨ ਆਗਿਆ। ਉਸ ਵਕਤ ਇੱਥੋਂ ਦੇ ਹਿੰਦੂ ਸ਼ਰਧਾਲੂਆਂ ਨੇ ਮਹਾਰਾਜੇ ਨੂੰ ਪ੍ਰਾਚੀਨ ਸ਼ਿਵ ਮੰਦਰ ਦੀ ਪੂਰੀ ਵਿਥਿਆ ਸੁਣਾਈ। ਮਹਾਰਾਜੇ ਨੇ ਪੂਰੀ ਪੜਤਾਲ ਕਰਨ ਉਪਰੰਤ ਪਾਇਆ ਕਿ ਇੱਥੇ ਸੱਚ ਵਿਚ ਮੰਦਰ ਸੀ ਤਾਂ ਉਨ੍ਹਾਂ ਮੁਸਲਮਾਨਾਂ ਨੂੰ ਮਸਜਿਦ ਉਸਾਰਨ ਲਈ ਹੋਰ ਥਾਂ ਜ਼ਮੀਨ ਅਤੇ ਗਰਾਂਟ ਦਿੱਤੀ ਅਤੇ ਇੱਥੇ ਸ਼ਿਵ ਮੰਦਰ ਦਾ ਮੁੜ ਨਿਰਮਾਣ ਕਰਾਇਆ ਗਿਆ। ਮੰਦਰ ਦੇ ਦੱਖਣੀ ਦੁਆਰ 'ਤੇ ਲੱਗੇ ਸ਼ਿਲਾਲੇਖ ਤੋਂ ਪਤਾ ਚਲਦਾ ਹੈ ਕਿ ਮੰਦਰ ਦਾ ਪੁਨਰ ਨਿਰਮਾਣ ਮਹਾਰਾਜਾ ਖੜਕ ਸਿੰਘ ਦੇ ਸਮੇਂ ਮੁਕੰਮਲ ਹੋਇਆ। ਪਿਛਲੀ ਸਰਕਾਰ ਸਮੇਂ ਇਸ ਮੰਦਰ ਦੀ ਇਮਾਰਤ ਦੀ ਨੁਹਾਰ ਨੂੰ ਬਦਲ ਕੇ ਸੁੰਦਰ ਰੂਪ ਪ੍ਰਦਾਨ ਕੀਤਾ ਹੈ। ਮੰਦਰ ਦੀ ਦੇਖਭਾਲ ਸੇਵਾ ਸੰਭਾਲ ਮੰਦਰ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ।

ਕਲਾਨੌਰ ਸ਼ਿਵ ਮੰਦਿਰ ਵਿਚ ਨਾਥ ਪਰੰਪਰਾ ਵੀ ਚੱਲੀ ਆ ਰਹੀ ਹੈ। ਸ਼ਿਵ ਮੰਦਿਰ ਦੀ ਗੱਦੀ ਗੁਰੂ ਗੋਰਖ ਨਾਥ ਪੰਥ ਦੇ ਜੋਗੀਆਂ ਤੋਂ ਚਲੀ ਆ ਰਹੀ ਹੈ ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਿਰ ਵਿੱਚ ਅਨੇਕਾਂ ਧਾਰਮਿਕ ਰਸਮਾਂ ਅਤੇ ਪੂਜਾ ਵਿਧੀਆਂ ਪ੍ਰਚਲਿਤ ਹਨ। ਕੁਝ ਵਿਸ਼ੇਸ਼ ਤਿੱਥਾਂ ਅਤੇ ਤਿਉਹਾਰਾਂ ਨੂੰ ਕਲਾਨੌਰ ਮੰਦਿਰ ਵਿਚ ਸ਼ਿਵ ਪੂਜਾ ਅਰਚਨਾ ਖ਼ਾਸ ਢੰਗ ਨਾਲ ਕੀਤੀ ਜਾਂਦੀ ਹੈ। ਕਲਾਨੌਰ ਮੰਦਿਰ ਵਿਚ ਵੀ ਸ਼ਿਵ ਦੀ ਪੂਜਾ ਆਮ ਤੌਰ ਤੇ ਸ਼ਿਵਲਿੰਗ ਦੇ ਰੂਪ ਵਿਚ ਕੀਤੀ ਜਾਂਦੀ ਹੈ। ਸ਼ਿਵ ਉਸਤਤ ਵਿਚ ਕਈ ਪ੍ਰਕਾਰ ਦੇ ਭਜਨਾਂ ਦਾ ਗਾਇਣ ਕੀਤਾ ਜਾਂਦਾ ਹੈ ਅਤੇ ਵਿਸ਼ੇਸ਼ ਯੱਗ ਅਤੇ ਹਵਨ ਕੀਤੇ ਜਾਂਦੇ ਹਨ। ਕਲਾਨੌਰ ਮੰਦਿਰ ਵਿਚ ਸਮੇਂ-ਸਮੇਂ ਤੇ ਆਰਤੀ ਕੀਤੀ ਜਾਂਦੀ ਹੈ। ਕਲਾਨੌਰ ਮੰਦਿਰ ਵਿਚ ਪਿੱਪਲ ਤੇ ਬੋਹੜ ਦੇ ਦਰੱਖਤ ਹਨ। ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਕਲਾਨੌਰ ਮੰਦਿਰ ਵਿਚ ਪੂਜਾ ਦੀ ਧੂਣੀ ਦੀ ਪਰੰਪਰਾ ਤੋਂ ਪਤਾ ਲਗਦਾ ਹੈ ਕਿ ਇਸ ਆਧੁਨਿਕ ਯੁੱਗ ਵਿਚ ਧਰਮ ਦਾ ਮਹੱਤਵ ਘਟਿਆ ਨਹੀਂ ਸਗੋਂ ਵਧਿਆ ਹੈ। ਇਸ ਪ੍ਰਾਚੀਨ ਸ਼ਿਵ ਮੰਦਰ ਵਿਚ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਪੂਰੇ ਦੇਸ਼ ਵਿੱਚੋਂ ਸ਼ਿਵ ਭਗਤ ਆਉਂਦੇ ਹਨ ਅਤੇ ਲੰਬੀਆਂ ਕਤਾਰਾਂ ਵਿੱਚ ਲੱਗ ਕੇ ਨਤਮਸਤਕ ਤੇ ਦਰਸ਼ਨ ਕਰਦੇ ਹਨ। ਉਹ ਧਤੂਰਾ, ਭੰਗ, ਸੰਧੂਰ, ਬੇਲ ਪੱਤਰ, ਫੁੱਲ, ਚੁੰਨੀ, ਦਹੀਂ ਤੇ ਕੱਚੀ ਲੱਸੀ ਸ਼ਿਵਲਿੰਗ 'ਤੇ ਅਰਪਿਤ ਕਰਦੇ ਅਤੇ ਵਿਭਿੰਨ ਪਕਵਾਨਾਂ ਦੇ ਲੰਗਰ ਲਗਵਾਉਂਦੇ ਹਨ । ਇਸ ਮੰਦਿਰ ਵਿਚ ਆਉਣ ਵਾਲੇ ਲੋਕਾਂ ਦਾ ਵਿਸ਼ਵਾਸ ਬਣ ਗਿਆ ਹੈ ਕਿ ਸ਼ਿਵ ਪੂਜਾ ਦੁਆਰਾ ਉਨ੍ਹਾਂ ਦੀਆਂ ਜੀਵਨ ਵਿਚਲੀਆਂ ਮੁਸ਼ਕਲਾਂ ਦਾ ਹੱਲ ਹੋ ਜਾਵੇਗਾ।

**-ਡਾ. ਰੁਪਿੰਦਰਜੀਤ ਗਿੱਲ ਐਸੋਸੀਏਟ ਪ੍ਰੋਫੈਸਰ - ਪੰਜਾਬੀ ਵਿਭਾਗ, ਆਰੀਆ ਕਾਲਜ, ਪਠਾਨਕੋਟ**

## ਗ਼ੁਲਾਮ ਨਹੀਓਂ

ਤੇਰੇ ਕੰਨੀ ਨਾ ਪੈਂਦੀ ਆਵਾਜ਼ ਸਰਕਾਰੇ,
ਦੁਨੀਆ ਝੱਲ ਰਹੀ ਭੁੱਖ ਮਾਰ ਵਿਚਾਰੇ।
ਜੁਲਮ ਕਿਤਿਆ ਦਾ ਤੈਨੂੰ ਪਤਾ ਲਗਿਓ,
ਰਿਹਾਈ ਬੰਦੀ ਸਿੰਘਾਂ ਦੀਂ ਕਿਉ ਛੁਪਾਰੇ।
ਤੈਥੋਂ ਇੱਕ ਪੈਰ ਪੁੱਟ ਖੜ੍ਹ ਨਹੀਓਂ ਹੋਣਾ,
ਕਿਉਂ ਝੁੱਕੀਏ ਗ਼ੁਲਾਮ ਨਹੀਓ ਪਿਆਰੇ।
ਹੱਥ ਸ਼ਸ਼ਤਰ ਦਸਮ ਪਿਤਾ ਦੀ ਬਖਸ਼ਿਸ਼,
ਪੱਗ ਇੱਜਤ ਮਿੱਟੀ ਨਾ ਰੋਲ਼ ਤੂੰ ਸਰਕਾਰੇ।
ਜੁਲਮ ਹੇਠ ਦੱਬ ਜਾਣਾ ਤੂੰ ਭਾਰ ਸਹਿਓ,
ਜਦੋਂ ਦੁਨੀਆ ਦੇ ਰੰਗ ਬਦਲ ਜਾਣ ਸਾਰੇ।
ਤੈਥੋਂ ਇੱਕ ਪੈਰ ਪੁੱਟ ਖੜ੍ਹ ਨਹੀਓਂ ਹੋਣਾ,
ਕਿਉਂ ਝੁੱਕੀਏ ਗ਼ੁਲਾਮ ਨਹੀਓ ਪਿਆਰੇ।
ਬੇਅਦਬੀ ਕਰ ਅੱਜ ਪੱਗ ਰੋਲਣੀ ਚਾਹੀ,
ਗੁਰੂਆਂ ਦੀ ਫੌਜ਼ ਤੋਂ ਡਰ ਕਿੱਥੇ ਤੱਕ ਜਾਣੇ।
ਮਨ - ਮਰਜ਼ੀ ਹਰ ਵਰ੍ਹੇ ਜੁਲਮ ਹੀ ਕੀਤਾ,
ਪੈਸਿਆਂ ਵਪਾਰੀ ਤੂੰ ਉੱਚ ਵਿੱਦਿਆ ਮਾਣੇ।
ਤੈਥੋਂ ਇੱਕ ਪੈਰ ਪੁੱਟ ਖੜ੍ਹ ਨਹੀਓਂ ਹੋਣਾ,
ਕਿਉਂ ਝੁੱਕੀਏ ਗ਼ੁਲਾਮ ਨਹੀਓ ਪਿਆਰੇ।
ਉੱਚ ਪਦਵੀਂ ਮੋਰ,ਕਬੂਤਰ,ਬਾਜ ਕਹਾਉਂਣੇ,
ਤੈਨੂੰ ਸਮਝ ਇਹ ਨਹੀਓ ਕੀ ਲੋਕ ਚਾਉਣੇ।
ਜਦੋਂ ਉਮਰਾਂ ਕੈਦ ਜਵਾਨੀ ਹੀ ਰੋਲ ਦਿੱਤੀ,
ਫਿਰ ਕਿਉਂ ਨਾ ਛੱਡਣ ਦੀ ਤੂੰ ਕਸਮਾਂ ਖਾਣੇ।
ਤੈਥੋਂ ਇੱਕ ਪੈਰ ਪੁੱਟ ਖੜ੍ਹ ਨਹੀਓਂ ਹੋਣਾ,
ਕਿਉਂ ਝੁੱਕੀਏ ਗ਼ੁਲਾਮ ਨਹੀਓ ਪਿਆਰੇ।
ਇਨਸਾਫ਼ ਮੰਗ ਪੰਜਾਬ ਰਿਹਾ ਨਾ ਗ਼ੁਲਾਮ,
ਤੇਰੇ ਧੁੰਦਲੇ ਜੇ ਫ਼ੈਸਲੇ ਦੀ ਗੱਲ ਨਾ ਪਛਾਣੇ।
ਵਕਤ ਵਾਂ ਜਿੰਦਗੀ ਦੇ ਸਹੀ ਕਰ ਬਿਆਨ,
ਗੌਰਵ ਦੇ ਲਫ਼ਜਾ ਤੋਂ
ਹੱਥ ਜੋੜ ਫ਼ਰਮਾਨ
ਨੇ।
ਤੈਥੋਂ ਇੱਕ ਪੈਰ ਪੁੱਟ
ਖੜ੍ਹ ਨਹੀਓਂ ਹੋਣਾ,
ਕਿਉਂ ਝੁੱਕੀਏ ਗ਼ੁਲਾਮ
ਨਹੀਓ ਪਿਆਰੇ।



**-ਗੌਰਵ ਧੀਮਾਨ**
**ਚੰਡੀਗੜ੍ਹ ਜੀਰਕਪੁਰ**



**ਲੁਧਿਆਣਾ/ਲੋਕ ਬਾਣੀ**
ਭਗਤ ਪੂਰਨ ਸਿੰਘ ਜੀ ਦੁਨੀਆਂ ਨੂੰ ਸਾਰੀਆਂ ਸਮੱਸਿਆਂਵਾਂ ਭਾਵੇਂ ਉਹ ਸਿੱਖਿਆ ਦੇਣ ਦੀਆਂ ਹੋਣ, ਵਾਤਾਵਰਣ ਦੀਆਂ ਹੋਣ ਜਾਂ ਸਿਹਤ ਸੰਬੰਧੀ ਹੋਣ ਉਨ੍ਹਾਂ ਬਾਰੇ ਜਾਗਰੂਕ ਕਰਾਉਣ ਲਈ ਪੂਰਨ ਪ੍ਰਿੰਟਿੰਗ ਪ੍ਰੈੱਸ ਦੀ ਸਥਾਪਨਾ 30 ਮਈ 1955 ਨੂੰ ਇੰਦਰ ਪੈਲੇਸ ਅੰਮ੍ਰਿਤਸਰ ਦੀ ਖ਼ਾਲੀ ਇਮਾਰਤ ਵਿਖੇ ਕੀਤੀ ਸੀ। ਉਨ੍ਹਾਂ ਅੰਗਰੇਜ਼ੀ ਹਿੰਦੀ ਅਤੇ ਪੰਜਾਬੀ ਦੇ ਵੱਖ-ਵੱਖ ਵਿਸ਼ਿਆਂ ਤੇ ਤਿੰਨ ਰਸਾਲੇ, ਪੰਜਾਬੀ ਵਿਚ ਜੀਵਨ ਲਹਿਰ, ਅੰਗਰੇਜ਼ੀ ਵਿਚ ਅਤੇ ਹਿੰਦੀ ਵਿਚ ਪਿੰਗਲਵਾੜਾ ਦਰਪਣ ਛਾਪਣੇ ਸ਼ੁਰੂ ਕੀਤੇ ਅਤੇ ਇਹ ਯਤਨ ਕੀਤਾ ਕਿ ਇਹ ਸੋਵੀਨੀਅਰ ਘਰ-ਘਰ ਪਹੁੰਚਣ, ਇਸ ਤੋਂ ਇਲਾਵਾਂ ਕਾਫ਼ੀ ਗਿਣਤੀ ਵਿਚ ਕਿਤਾਬਾਂ ,ਕਿਤਾਬਚੇ ਅਤੇ ਇਸ਼ਤਿਹਾਰ ਛਾਪਣੇ ਸ਼ੁਰੂ ਕੀਤੇ ਜੋ ਕਿ ਸੰਗਤਾਂ ਵਿਚ ਭੇਟਾ ਰਹਿਤ ਵੰਡੇ ਜਾਂਦੇ ਸਨ। ਉਨ੍ਹਾਂ ਦੇ ਮਾਰਗ ਤੇ ਚੱਲ ਦੇ ਹੋਏ ਪਿੰਗਲਵਾੜਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਵੀ ਕਿਤਾਬਚੇ, ਕਿਤਾਬਾਂ ਅਤੇ ਇਸ਼ਤਿਹਾਰ ਛਾਪਣ ਵਿੱਚ ਜੁਟੇ ਹੋਏ ਹਨ। ਇਸ ਲਈ ਸਮੇਂ ਸਮੇਂ ਤੇ ਪੂਰਨ ਪ੍ਰਿੰਟਿੰਗ ਪ੍ਰੈੱਸ ਲਈ ਚਾਹੇ ਉਹ ਛਪਾਈ ਲਈ ਹੋਣ ਜਾਂ ਕਿਤਾਬਾਂ ਬਾਈ ਂਡਿੰਗ ਲਈ ਹੋਣ ਹੋਰ ਕਾਰਜਾ ਲਈ ਆਧੁਨਿਕ ਮਸ਼ੀਨਾਂ ਲਗਾਤਾਰ ਖਰੀਦੀਆਂ ਗਈਆਂ। ਇਸ ਤਹਿਤ ਅੱਜ ਮਿਤੀ 19 ਫ਼ਰਵਰੀ 2023 ਨੂੰ ਪੂਰਨ ਪ੍ਰਿੰਟਿੰਗ ਪ੍ਰੈੱਸ ਵਿਚ ਨਵੀਂ ਕਾਗਜ਼ ਕਟਿੰਗ ਸੈਮੀਆ ਟੋਮੈਟਿਕ ਮਸ਼ੀਨ ਅਤੇ ਇਕ ਕਰੀਜ਼ਿੰਗ ਮਸ਼ੀਨ ਜੋ ਕਿ ਪ੍ਰਿੰਟ ਵੈੱਲ ਕੰਪਨੀ ਫੋਕਲ ਪੁਆਇੰਟ ਅੰਮ੍ਰਿਤਸਰ ਵੱਲੋਂ ਪਿੰਗਲਵਾੜਾ ਸੰਸਥਾ ਨੂੰ ਦਾਨ ਕੀਤੀ ਗਈ ਹੈ।

# ਬੀਬੀ ਕੁਲਦੀਪ ਕੌਰ ਚੈਰੀਟੇਬਲ ਟਰੱਸਟ ਵੱਲੋ ਲਗਾਇਆ ਗਿਆ 13ਵਾਂ ਫਰੀ ਮੈਡੀਕਲ

## ਲੋੜਵੰਦਾਂ ਮਰੀਜ਼ਾਂ ਦੀ ਮਦੱਦ ਕਰਨਾ ਸੱਚੀ ਮਨੁੱਖਤਾ ਦੀ ਸੇਵਾ-ਇੰਦਰਜੀਤ ਸਿੰਘ ਮੱਕੜ

**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ ਅਤੇ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਜੀ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾ ਕੇ ਲੋੜਵੰਦਾਂ ਦੀ ਸੇਵਾ ਕਰਨਾ ਹੀ ਸੱਚੀ ਮਨੁੱਖਤਾ ਦੀ ਸੇਵਾ ਹੈ ਅੱਜ ਗੁਰੂ ਗੋਬਿੰਦ ਸਿੰਘ ਜੀ ਚੈਰੀਟੇਬਲ ਹਸਪਤਾਲ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਬੀ ਕੁਲਦੀਪ ਕੌਰ ਚੈਰੀਟੇਬਲ ਟਰੱਸਟ(ਰਜ਼ਿ) ਲੁਧਿਆਣਾ ਵੱਲੋ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਲਗਾਏ ਗਏ 13ਵੇਂ ਫਰੀ ਮੈਡੀਕਲ ਚੈਕਅੱਪ ਕੈਂਪ ਦਾ ਰਸਮੀ ਤੌਰ ਤੇ ਉਦਘਾਟਨ ਕਰਨ ਲਈ ਪੁੱਜੇ ਸ.ਇੰਦਰਜੀਤ ਸਿੰਘ ਮੱਕੜ ਅਤੇ ਗਿਆਨੀ ਪਿੰਦਰਪਾਲ ਸਿੰਘ ਜੀ ਨੇ ਕਿਹਾ ਕਿ ਵੱਖ- ਵੱਖ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ਾਂ ਦਾ ਫਰੀ ਚੈਕਅੱਪ ਕਰਕੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਉਪਲੱਬਧ ਕਰਵਾਉਣ ਵਾਲੀ ਸੰਸਥਾ ਬੀਬੀ ਕੁਲਦੀਪ ਕੌਰ ਚੈਰੀਟੇਬਲ ਟਰੱਸਟ ਸਮੁੱਚੇ ਸਮਾਜ ਲਈ ਪ੍ਰੇਣਾ ਦਾ ਸਰੋਤ ਹੈ। ਉਨ੍ਹਾਂ ਨੇ ਟਰੱਸਟ ਦੇ ਚੇਅਰਮੈਨ ਸ.ਐਮ.ਐਸ ਅਨੇਜਾ, ਆਈ.ਐਸ ਅਨੇਜਾ, ਏ.ਐਸ ਅਨੇਜਾ ਤੇ ਹਰਜਿੰਦਰ ਕੌਰ ਅਤੇ ਸਮੂਹ ਅਹੁਦੇਦਾਰਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਅਤੇ ਮੈਡੀਕਲ ਚੈਕਅੱਪ ਕੈਂਪ ਵਿੱਚ ਪੁੱਜੇ ਉੱਘੇ ਡਾਕਟਰ ਸਾਹਿਬਾਨ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ।ਇਸ ਦੌਰਾਨ ਲਗਾਏ ਗਏ ਫਰੀ ਮੈਡੀਕਲ ਚੈਕਅੱਪ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਕੈਂਪ ਦੇ ਮੁੱਖ ਪ੍ਰਬੰਧਕ ਇੰਦਰਜੀਤ ਸਿੰਘ ਅਨੇਜਾ ਤੇ ਬਲਜੀਤ ਸਿੰਘ ਬਾਵਾ ਨੇ ਦੱਸਿਆ ਕਿ ਕੈਂਪ ਅੰਦਰ ਯੂਰੋਲੋਜੀ ਦੇ ਮਾਹਿਰ ਡਾਕਟਰ ਅਨੰਦ ਸਹਿਗਲ,ਆਰਥੋ ਦੇ ਡਾ.ਸਹਿਨਸ਼ੀਲ ਸਿੰਘ(ਜਗਰੂਪ ਹਸਪਤਾਲ) ,ਡਾ.ਏਕਜੋਤ ਸਿੰਘ ਅਰੋੜਾ, ਮੈਡੀਸਨ ਦੇ ਮਾਹਿਰ ਡਾ. ਦਿਨੇਸ਼ ਜੈਨ (ਡੀ.ਐਮ.ਸੀ ਹਸਪਤਾਲ)ਡਾ ਸਰਬਜੀਤ ਸਿੰਘ ਐਮ.ਡੀ, ਡਾ.ਸਵੀਟ ਕੌਰ ਐਮ.ਡੀ ਨਾਈਟਿੰਗੇਲ ਕਾਲਜ ਆਫ਼ ਨਰਸਿੰਗ, ਚਮੜੀ ਦੇ ਮਾਹਿਰ ਡਾ.ਆਰ.ਐਸ ਨੰਦਾ ਐਮ.ਡੀ, ਡਾ.ਐਮ.ਐਸ ਨੰਦਾ ਐਮ.ਡੀ, ਡਾ.ਸੰਦੀਪ ਕੌਰ ਐਮ.ਡੀ(ਜਗਰੂਪ ਹਸਪਤਾਲ)ਅੱਖਾਂ ਦੇ ਮਾਹਿਰ ਡਾਂ ਸਵੀਨ ਗੁਪਤਾ, ਸਰਜ਼ਰੀ ਦੇ ਮਾਹਿਰ ਡਾ.ਡੀ.ਪੀ ਸਿੰਘ ਅਰੋੜਾ,ਗਾਇਨੀ ਦੀ ਡਾ.ਦਿਵਜੋਤ ਕੌਰ ਅਰੋੜਾ ਐਮ.ਐਸ,ਐਕਯੂਪ੍ਰੈਸ਼ਰ ਦੇ ਡਾਂ ਰਮੇਸ਼ ਕੁਮਾਰ ਐਮ.ਡੀ, ਦੰਦਾਂ ਦੇ ਮਾਹਿਰ ਡਾ. ਹਰਮੀਤ ਕੌਰ ਬੀ.ਡੀ.ਐਸ, ਡਾ. ਗੁਰਵੀਨ ਕੌਰ (ਬੀ.ਡੀ.ਐਸ), ਡਾਇਟਕਲੇਨ ਦੀ ਡਾ.ਹਰਦੀਪ ਕੌਰ, ਹੋਮਿਓਪੈਥਿਕ ਦੇ ਡਾ.ਅਰਵਿੰਦਰ ਕੌਰ ਦੀ ਅਗਵਾਈ ਹੇਠ ਪੁੱਜੇ ਡਾਕਟਰਾਂ ਦੀਆਂ ਟੀਮਾਂ ਨੇ ਕੈਂਪ ਅੰਦਰ ਵੱਡੀ ਗਿਣਤੀ ਵਿੱਚ ਪੁੱਜੇ ਵੱਖ ਵੱਖ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ਾਂ ਦਾ ਚੈਕਅੱਪ ਕੀਤਾ ਅਤੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਵੀ ਦਿੱਤੀਆਂ। ਇਸ ਸਮੇਂ ਉਨ੍ਹਾਂ ਦੇ ਨਾਲ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ, ਹਰਪਾਲ ਸਿੰਘ ਖਾਲਸਾ, ਦਲੀਪ ਸਿੰਘ ਖੁਰਾਣਾ,.ਜਗਦੇਵ ਸਿੰਘ ਕਲਸੀ,ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਅਵਤਾਰ ਸਿੰਘ ਬੀ.ਕੇ, ਸੁਰਿੰਦਰਪਾਲ ਸਿੰਘ ਭੁਟੀਆਣੀ, ਗੁਰਦੀਪ ਸਿੰਘ ਡੀਮਾਰਟੇ,ਭੁਪਿੰਦਰ ਸਿੰਘ ਮਨੀ ਜਿਊਲਰਜ਼, ਪ੍ਰਿਤਪਾਲ ਸਿੰਘ ਬਰੇਲੀ,ਬਲਬੀਰ ਸਿੰਘ ਭਾਟੀਆ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।





## ’ਕਾਨੂੰਨ’ ਦੀ ਨਹੀਂ ਪ੍ਰਵਾਹ’

ਹਾਕਮ ’ਕਾਨੂੰਨ’ ਦੀ ਨਹੀਂ ਪ੍ਰਵਾਹ ਕਰਦੇ,
ਜਿਵੇਂ ਹੋਵੇ ਇਹਨਾਂ ਦੀ ਰਖੇਲ ਯਾਰੋ।
ਜਿਸਨੂੰ ਮਰਜੀ ਕਰ ਦੇਣ ਪਾਸ ਇਹ,
ਜਿਸਨੂੰ ਮਰਜੀ ਕਰ ਦੇਣ ਫੇਲ ਯਾਰੋ।
ਜੇ ਚਾਹੁਣ ਮੁਜਰਮਾਂ ਨੂੰ ਛੱਡ ਦੇਣ,
ਨਿਰਦੋਸ਼ਿਆਂ ਨੂੰ ਰੱਖਣ ਵਿਚ ਜੇਲ੍ਹ ਯਾਰੋ।
ਧਨੀ ਲੋਕ ਇਹਨੂੰ ਖਰੀਦ ਲੈਂਦੇ,
ਕਾਨੂੰਨ ਕਰ ਦਿੰਦੇ ਨੇ ਸੇਲ ਯਾਰੋ।
ਮੇਜਰ ਕਾਨੂੰਨ ਆਪਣੇ ਆਪ ਵਿੱਚ ਕੁਝ ਨਹੀਂ,
’ਹਾਕਮ ਰਹੇ ਨੇ ਇਸ ਨਾਲ ਖੇਲ੍ਹ ਯਾਰੋ।

**-ਮੇਜਰ ਸਿੰਘ ’ਬੁਢਲਾਡਾ’**



# ਮਹਾਂ ਪੁਰਸ਼ਾਂ ਦੀ ਸਾਲਾਨਾ ਬਰਸੀ ਨਿਰਮਲ ਡੇਰਾ ਮਹੰਤ ਸਰੂਪ ਸਿੰਘ ਜੀ ਪਿੰਡ ਗੋਲੇ ਵਾਲਾ ਵਿਖੇ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ

**ਫਰੀਦਕੋਟ (ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ )**

ਮਹਾਨ ਮਹਾਂ ਪੁਰਖ 108ਮੰਹਤ ਬਾਬਾ ਸਰੂਪ ਸਿੰਘ ਜੀ ਨਿਰਮਲ ਡੇਰਾ ਗੋਲੇ ਵਾਲਾ ਵਿਖੇ ਮਹਾਨ ਮਹਾਂ ਪੁਰਸ਼ ਸ੍ਰੀ ਮਾਨ 108 ਮਹੰਤ ਬਾਬਾ ਸਰੂਪ ਸਿੰਘ ਜੀ। ਸ੍ਰੀ ਮਾਨ ਮਹੰਤ ਬਾਬਾ ਗੁਰਦਿੱਤ ਸਿੰਘ । ਸ੍ਰੀ ਮਾਨ 108 ਮਹੰਤ ਕੇਸਰ ਸਿੰਘ ਜੀ, ਸ੍ਰੀ ਮਾਨ ਮਹੰਤ ਸ਼ੇਰ ਸਿੰਘ ਜੀ, ਅਤੇ ਸ੍ਰੀ ਮਾਨ ਮਹੰਤ ਕਸ਼ਮੀਰ ਸਿੰਘ ਜੀ ਦੀ ਸਾਲਾਨਾ ਬਰਸੀ ਨਿਰਮਲ ਭੇਖ ਦੀ ਮਰਿਆਦਾ ਅਨੁਸਾਰ ਬੜੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਨਿਰਮਲ ਡੇਰਾ ਮਹੰਤ ਸਰੂਪ ਸਿੰਘ ਜੀ ਗੋਲੇ ਵਾਲਾ ਦੇ ਮੁੱਖ ਸੇਵਾਦਾਰ ਮਹੰਤ ਹਰਪ੍ਰੀਤ ਸਿੰਘ ਜੀ ਵਲੋਂ ਇਲਾਕੇ ਭਰ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਸੰਗਤਾਂ ਇਸ ਸ਼ੁਭ ਦਿਹਾੜੇ ਤੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।20 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣ ਗੇ ਅਤੇ 22ਫਰਵਰੀ ਦਿਨ ਬੁੱਧਵਾਰ 10 ਫੱਗਣ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕਥਾ ਕੀਰਤਨ ਅਤੇ ਸੰਤ ਸਮਾਗਮ ਹੋਣਗੇ। ਇਸ ਮਹਾਨ ਸੰਤ ਸਮਾਗਮ ਤੇ ਹਾਜ਼ਰੀ ਲਵਾਉਣ ਲਈ ਪਹੁੰਚ ਰਹੇ ਹਨ। ਨਿਰਮਲ ਭੇਖ ਦੇ ਮਹਾਨ ਮਹਾਂ ਪੁਰਸ਼ ਸ੍ਰੀ ਮਾਨ 108 ਸੁਆਮੀ ਗਿਆਨ ਦੇਵ ਸਿੰਘ ਜੀ ਸ੍ਰੀ ਮਹੰਤ ਸਾਹਿਬ ਕ ਨ ੱ ਖ ਲ ਹੁਰਦਿਆਰ, ਸ੍ਰੀ ਮਾਨ 108 ਮਹੰਤ ਪਿਆਰਾ ਸਿੰਘ ਜੀ ਮੁਖੀਏ ਸ੍ਰੀ ਮਹੰਤ ਸਾਹਿਬ ਕਨੱਖਲ ਹੁਰਦਿਆਰ,ਸੰਤ ਦਰਸ਼ਨ ਸਿੰਘ ਜੀ ਪਟਿਆਲੇ ਵਾਲੇ,ਸੰਤ ਤੇਜਾ ਸਿੰਘ ਜੀ ਗੁਰੂ ਖੁੰਡਾ ਡੱਬਲ ਐਮ,ਏ,ਸੰਤ ਗੁਰਚਰਨ ਸਿੰਘ ਖੰਡਵਾ, ਬਾਬਾ ਭੋਲਾ ਸਿੰਘ ਜੀ ਦਾਸ ਕਬੀਰ ਪੰਥੀ,ਸੰਤ ਮੱਖਣ ਸਿੰਘ ਜੀ ਟਾਟੋ ਮਾਜਰਾ,ਸੰਤ ਰਾਜਾ ਸਿੰਘ ਜੀ ਚੱਕਵੇਂਡ, ਸੰਤ ਹਰਦੇਵ ਸਿੰਘ ਸਿੰਘ ਜੀ ਰਾਜਸਥਾਨ ਵਾਲੇ,ਸੰਤ ਭੁਪਿੰਦਰ ਸਿੰਘ ਜੀ ਅੰਮ੍ਰਿਤਸਰ ਵਾਲੇ, ਬਾਬਾ ਬਿੱਟੂ ਦਾਸ ਜੀ ਪਿੱਪਲੀ ਵਾਲੇ ਆਦਿ।ਇਸ ਮੋਕੇ ਬਾਬਾ ਫ਼ਰੀਦ ਪ੍ਰੈਸ ਕਲੱਬ ਗੋਲੇ ਵਾਲਾ ਦੇ ਪ੍ਰਧਾਨ ਪੱਤਰਕਾਰ ਅੰਗਰੇਜ਼ ਸਿੰਘ ਬਰਾੜ ਡੱਲੇ ਵਾਲਾ ਦੇ ਨਾਲ ਗੱਲਬਾਤ ਕਰਦਿਆਂ ਨਿਰਮਲ ਡੇਰਾ ਗੋਲੇ ਵਾਲਾ ਦੇ ਮੁੱਖ ਸੇਵਾਦਾਰ ਬਾਬਾ ਹਰਪ੍ਰੀਤ ਸਿੰਘ ਜੀ ਨੇ ਦੱਸਿਆ ਕਿ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਸੰਗਤਾਂ ਤਿੰਨ ਦਿਨ ਹਾਜ਼ਰੀਆਂ ਭਰ ਕੇ ਵਾਹਿਗੁਰੂ ਸੱਚੇ ਪਾਤਸ਼ਾਹ ਜੀ ਅਤੇ ਮਹਾਨ ਤਪੱਸਵੀ ਮਹਾਨ ਮਹਾਂ ਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਤਿੰਨ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।






# ਆਮ ਆਦਮੀ ਪਾਰਟੀ ਨੂੰ ਮਿਲੀ ਮਜ਼ਬੂਤੀ ਅਤੇ ਕਾਂਗਰਸ ਪਾਰਟੀ ਨੂੰ ਲੱਗਾ ਵੱਡਾ ਝਟਕਾ: ਪਿੰਡ ਆਲੇ ਚੱਕ ਦਾ ਮਜੂਦਾ ਸਰਪੰਚ ਕੁਲਵੰਤ ਸਿੰਘ ਪੰਚਾਇਤ ਸਮੇਤ ਆਮ ਆਦਮੀ ਪਾਰਟੀ ਵਿੱਚ ਹੋਇਆ ਸ਼ਾਮਲ



**ਗੁਰਦਾਸਪੁਰ/ਲੋਕ ਬਾਣੀ**

ਗੁਰਦਾਸਪੁਰ ਵਿੱਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਪਿੰਡ ਆਲੇਚੱਕ ਦੇ ਮੌਜੂਦਾ ਸਰਪੰਚ ਕੁਲਵੰਤ ਸਿੰਘ ਪੂਰੀ ਪੰਚਾਇਤ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ ਇਸ ਮੌਕੇ ਤੇ ਉਹਨਾਂ ਨੂੰ ਆਮ ਆਦਮੀ ਪਾਰਟੀ ਵਿਚ ਹੈਲਥ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਰਮਨ ਬਹਿਲ ਨੇ ਸ਼ਾਮਿਲ ਕੀਤਾ ਇਸ ਮੌਕੇ ਤੇ ਬੋਲਦੇ ਹੋਏ ਆਮ ਆਦਮੀ ਪਾਰਟੀ ਦੇ ਆਗੂ ਰਮਨ ਬਹਿਲ ਨੇ ਕਿਹਾ ਕਿ ਕੁਲਵੰਤ ਸਿੰਘ ਜੋ ਕਿ ਮੌਜੂਦਾ ਸਰਪੰਚ ਪਿੰਡ ਆਲੇਚੱਕ ਦੇ ਹਨ ਆਮ ਆਦਮੀ ਪਾਰਟੀ ਦੇ ਕੀਤੇ ਹੋਏ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਕਿਹਾ ਕਿ ਆਮ ਆਦਮੀ ਪਾਰਟੀ ਦਾ ਪਰਿਵਾਰ ਦਿਨੋ ਦਿਨ ਵੱਧ ਰਿਹਾ ਹੈ ਅਤੇ ਪਾਰਟੀ ਮਲੂਕਾ ਦੇ ਭਲੇ ਲਈ ਕੰਮ ਕਰਦੀ ਆ ਰਹੀ ਹੈ ਅਤੇ ਕਰਦੀ ਰਹੇਗੀ ਉਨਾਂ ਨੇ ਲੋਕਾਂ ਨੂੰ ਵੀ ਪਾਰਟੀ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਤੁਹਾਡੀ ਮੁਸ਼ਕਿਲ ਦਾ ਮੌਕੇ ਤੇ ਹੱਲ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਦੇਖਦੇ ਹੋਏ ਅਤੇ ਉਨਾਂ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਲੋਕਾਂ ਦੀ ਸੇਵਾ ਕੀਤੀ ਜਾਵੇ ਇਸ ਮੌਕੇ ਉਹਨਾਂ ਦੇ ਸਾਥੀ ਨਿਰਮਲ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਸਿੱਖਿਆ ਨੂੰ ਲੈ ਕੇ ਅਤੇ ਹੈਲਥ ਡੀਪਾਰਟਮੈਂਟ ਨੂੰ ਲੈ ਕੇ ਕਈ ਵੱਡੇ ਕਦਮ ਚੁੱਕੇ ਗਏ ਹਨ ਅਤੇ ਲਗਾਤਾਰ ਹੀ ਪੰਜਾਬ ਵਿੱਚ ਲੋਕਾਂ ਦੇ ਭਲੇ ਲਈ ਕੰਮ ਕੀਤੇ ਜਾ ਰਹੇ ਹਨ ਜਿਸ ਨੂੰ ਦੇਖਦੇ ਹੋਏ ਅਸੀਂ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਅਤੇ ਮਜੂਦਾ ਪਿੰਡ ਆਲੇਚੱਕ ਦੇ ਸਰਪੰਚ ਕੁਲਵੰਤ ਸਿੰਘ ਅਤੇ ਪੂਰੀ ਪੰਚਾਇਤ ਹੈਲਥ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਉਨਾਂ ਨੇ ਕਿਹਾ ਕਿ ਅਸੀਂ ਰਮਨ ਬਹਿਲ ਜੀ ਨਾਲ ਮਿਲ ਕੇ ਪਿੰਡ ਦੇ ਭਲੇ ਲਈ ਕੰਮ ਕਰਾਂਗੇ ।

ਇਸ ਮੌਕੇ ਸਰਪੰਚ ਕੁਲਵੰਤ ਸਿੰਘ ਤੋਂ ਇਲਾਵਾ ਮੈਂਬਰ ਪੰਚਾਇਤ ਕੰਵਲਜੀਤ ਸਿੰਘ, ਰਾਜਿੰਦਰ ਪਾਲ ਸਿੰਘ, ਨੀਤੂ ਗਿੱਲ ਅਤੇ ਭੁਪਿੰਦਰ ਕੌਰ ਬਹੁਤ ਸਾਰੇ ਪਿੰਡ ਵਾਸੀਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

# ਸੰਘਣੀ ਧੁੰਦ ਕਾਰਨ ਖੰਨਾ 'ਚ ਵਾਪਰਿਆ ਭਿਆਨਕ ਸੜਕ ਹਾਦਸਾ, ਇਕ ਮਹਿਲਾ ਦੀ ਮੌਤ, ਕਈ ਜ਼ਖਮੀ



**ਖੰਨਾ/ਲੋਕ ਬਾਣੀ**

ਖੰਨਾ ਤੋਂ ਲੁਧਿਆਣਾ ਜਾਣ ਵਾਲੇ ਨੈਸ਼ਨਲ ਹਾਈਵੇ 'ਤੇ ਸੰਘਣੀ ਧੁੰਦ ਕਾਰਨ ਅੱਜ ਸਵੇਰੇ ਭਿਆਨਕ ਹਾਦਸਾ ਵਾਪਰ ਗਿਆ ਹੈ। ਵਿਜ਼ੀਬਿਲਟੀ ਬਹੁਤ ਘੱਟ ਹੋਣ ਕਾਰਨ ਬੱਸ ਚਾਲਕ ਬੀਜਾ ਨੇੜੇ ਸੜਕ 'ਤੇ ਖੜੇ ਖਰਾਬ ਰਿਬਾਰਾਂ ਨਾਲ ਭਰੇ ਟਰੱਕ ਨੂੰ ਦੇਖ ਨਹੀਂ ਸਕਿਆ, ਜਿਸ ਕਾਰਨ ਸਵਾਰੀਆਂ ਨਾਲ ਭਰੀ ਬੱਸ ਰੇਬਾਰਾਂ ਨਾਲ ਭਰੇ ਟਰੱਕ ਨਾਲ ਟਕਰਾ ਗਈ। ਇਸ ਹਾਦਸੇ 'ਚ ਇਕ ਮਹਿਲਾ ਦੀ ਦਰਦਨਾਕ ਮੌਤ ਹੋ ਗਈ ਹੈ ਜਦਕਿ 15 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਜਿਨਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਡੀਐਸਪੀ ਵਿਲੀਅਮ ਜੈਜ਼ੀ ਦੀ ਅਗਵਾਈ ਹੇਠ ਖੰਨਾ ਪੁਲੀਸ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਹੈ। ਜ਼ਖਮੀਆਂ ਨੂੰ ਖੰਨਾ ਦੇ ਹਸਪਤਾਲ ਲਿਜਾਇਆ ਜਾ ਰਿਹਾ ਹੈ। ਹਾਦਸੇ 'ਚ ਵਾਲ-ਵਾਲ ਬਚ ਗਈਆਂ ਮਹਿਲਾਵਾਂ ਨੇ ਦੱਸਿਆ ਕਿ ਬੱਸ ਧਾਗਾ ਫੈਕਟਰੀ ਦੀ ਸੀ, ਜਿਸ 'ਚ 30 ਦੇ ਕਰੀਬ ਮਹਿਲਾਵਾਂ ਅਤੇ ਹੋਰ ਲੋਕ ਖੰਨਾ ਤੋਂ ਫੈਕਟਰੀ ਨੂੰ ਜਾਣ ਲਈ ਜਾ ਰਹੇ ਸਨ। ਬੀਜਾ ਨੇੜੇ ਗੁਰਦੁਆਰਾ ਮੰਜੀ ਸਾਹਿਬ ਅੱਗੇ ਸੜਕ 'ਤੇ ਖੜੇ ਟਰੱਕ ਨਾਲ ਬੱਸ ਦੀ ਟੱਕਰ ਹੋ ਗਈ, ਜਿਸ 'ਚ ਇਕ ਔਰਤ ਦੀ ਮੌਤ ਹੋ ਗਈ ਜਦਕਿ ਕਈ ਜ਼ਖਮੀ ਹੋ ਗਏ। ਜ਼ਖ਼ਮੀਆਂ ਨੂੰ ਬੱਸ ਵਿੱਚੋਂ ਕੱਢਣ ਵਾਲੇ ਰਾਹਗੀਰ ਨੇ ਦੱਸਿਆ ਕਿ ਹਾਦਸਾ ਬਹੁਤ ਦਰਦਨਾਕ ਸੀ।ਟਰੱਕ ਦਾ ਸਰੀਆ ਬੱਸ ਦੇ ਅੰਦਰ ਵੜ ਗਿਆ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਹੈ। ਡੀਐਸਪੀ ਵਿਲੀਅਮ ਜੈਜ਼ੀ ਨੇ ਦੱਸਿਆ ਕਿ ਬਾਰਾਂ ਨਾਲ ਭਰਿਆ ਇੱਕ ਟਰੱਕ ਜੀਟੀ ਰੋਡ 'ਤੇ ਖ਼ਰਾਬ ਹਾਲਤ ਵਿੱਚ ਖੜਾ ਸੀ। ਸੰਘਣੀ ਧੁੰਦ ਕਾਰਨ ਪਿੱਛੇ ਤੋਂ ਆ ਰਹੀ ਬੱਸ ਚਾਲਕ ਟਰੱਕ ਨੂੰ ਦੇਖ ਨਹੀਂ ਸਕਿਆ ਅਤੇ ਬੱਸ ਟਰੱਕ ਨਾਲ ਟਕਰਾ ਗਈ। ਜਿਸ ਵਿੱਚ ਕਈਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਹੈ।

# ਸੰਗਰੂਰ 'ਚ PRTC ਬੱਸ ਤੇ ਪਿਕਅੱਪ ਦੀ ਟੱਕਰ, 4 ਦੀ ਮੌਤ, ਕਈ ਜ਼ਖਮੀ





**ਸੰਗਰੂਰ/ਲੋਕ ਬਾਣੀ**

ਪੰਜਾਬ ਦੇ ਸੰਗਰੂਰ ਵਿੱਚ PRTC ਦੀ ਬੱਸ ਅਤੇ ਪਿਕਅੱਪ ਦੀ ਟੱਕਰ ਹੋ ਗਈ। ਇਸ ਹਾਦਸੇ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ 12 ਲੋਕ ਗੰਭੀਰ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚ ਇੱਕ ਤਿੰਨ ਮਹੀਨੇ ਦੀ ਬੱਚੀ ਵੀ ਸ਼ਾਮਲ ਹੈ। ਪਿਕਅੱਪ ਸਵਾਰ ਪਟਿਆਲਾ ਦੇ ਕਾਲੀ ਮਾਤਾ ਮੰਦਰ ਵਿੱਚ ਮੱਥਾ ਟੇਕ ਕੇ ਵਾਪਸ ਆ ਰਹੇ ਸਨ।

ਇਹ ਹਾਦਸਾ ਸੰਗਰੂਰ-ਪਟਿਆਲਾ ਨੈਸ਼ਨਲ ਹਾਈਵੇ 'ਤੇ ਸੁਨਾਮ ਦੇ ਕਲੌਂਦੀ ਬੱਸ ਸਟੈਂਡ ਨੇੜੇ ਵਾਪਰਿਆ। ਆਸ-ਪਾਸ ਦੇ ਲੋਕਾਂ ਨੇ ਜ਼ਖਮੀਆਂ ਨੂੰ ਤੁਰੰਤ ਬਾਹਰ ਕੱਢ ਕੇ ਸਿਵਲ ਹਸਪਤਾਲ ਸੰਗਰੂਰ ਪਹੁੰਚਾਇਆ। ਜਿੱਥੇ ਡਾਕਟਰਾਂ ਨੇ 4 ਵਿਅਕਤੀਆਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਰਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ।

ਜ਼ਖ਼ਮੀ ਨੇ ਦੱਸਿਆ ਕਿ ਉਹ ਪਟਿਆਲਾ ਦੇ ਸ੍ਰੀ ਕਾਲੀ ਦੇਵੀ ਮੰਦਿਰ ਵਿੱਚ ਪੂਜਾ ਅਰਚਨਾ ਕਰਕੇ ਵਾਪਸ ਆ ਰਹੇ ਸੀ। ਜਦੋਂ ਪੀ.ਆਰ.ਟੀ.ਸੀ ਦੀ ਬੱਸ ਸਵਾਰੀਆਂ ਨੂੰ ਚੁੱਕਣ ਲਈ ਬੱਸ ਸਟੈਂਡ 'ਤੇ ਰੁਕੀ ਤਾਂ ਉਨਾਂ ਦੀ ਪਿਕਅੱਪ ਬੱਸ ਨਾਲ ਟਕਰਾ ਗਈ। ਇਸ ਤੋਂ ਬਾਅਦ ਸੜਕ 'ਤੇ ਹਫੜਾ-ਦਫੜੀ ਮਚ ਗਈ। ਲੋਕਾਂ ਨੇ ਉਹਨਾਂ ਨੂੰ ਪਿਕਅੱਪ ਤੋਂ ਬਾਹਰ ਕੱਢ ਕੇ ਐਂਬੂਲੈਂਸ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ।

ਸੰਗਰੂਰ ਦੀ ਐਸਡੀਐਮ ਨਵਰੀਤ ਕੌਰ ਨੇ ਜ਼ਖ਼ਮੀਆਂ ਦਾ ਹਾਲ ਚਾਲ ਜਾਣਨ ਲਈ ਸਿਵਲ ਹਸਪਤਾਲ ਸੰਗਰੂਰ ਪਹੁੰਚ ਕੇ ਡਾਕਟਰੀ ਸਹੂਲਤਾਂ ਦਾ ਜਾਇਜ਼ਾ ਲਿਆ। ਸਾਰੇ ਮ੍ਰਿਤਕ ਪਿੰਡ ਬੱਧਨੀ ਕਲਾਂ ਜ਼ਿਲਾ ਮੋਗਾ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਇਹ ਹਾਦਸਾ ਧੁੰਦ ਕਾਰਨ ਵਾਪਰਿਆ।

# ਖਤਰਨਾਕ ਗੈਂਗਸਟਰਾਂ ਦੇ ਗਰੋਹ ਦੇ 10 ਮੈਂਬਰ ਭਾਰੀ ਮਾਤਰਾ 'ਚ ਹਥਿਆਰਾਂ ਸਮੇਤ ਗਿਰਫ਼ਤਾਰ

**ਚੰਡੀਗੜ੍ਹ/ਵਿਨੋਦ ਸ਼ਰਮਾ**

ਬਰਨਾਲਾ ਪੁਲਸ ਨੇ ਇਕ ਗਰੋਹ ਦੇ 10 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਐਸਐਸਪੀ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਐਸਪੀਡੀ ਰਮਨੀਸ਼ ਕੁਮਾਰ ਚੌਧਰੀ, ਡੀਐਸਪੀਡੀ ਮਾਨਵਜੀਤ ਸਿੰਘ ਦੀ ਅਗਵਾਈ ਵਿੱਚ ਪੁਲੀਸ ਨੇ ਪੰਜਾਬ ਸਰਕਾਰ ਅਤੇ ਡੀਜੀਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

ਸੀ.ਆਈ.ਏ ਸਟਾਫ਼ ਬਰਨਾਲਾ ਦੇ ਇੰਚਾਰਜ ਬਲਜੀਤ ਸਿੰਘ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸਤਨਾਮ ਸਿੰਘ ਉਰਫ਼ ਖਾਨ, ਗੁਰਦਾਸ ਸਿੰਘ ਵਾਸੀ, ਸੁਖਚੈਨ ਸਿੰਘ, ਸਿਮਰਜੀਤ ਸਿੰਘ ਉਰਫ਼ ਸਿਮਰੂ, ਸੁਖਚੈਨ ਸਿੰਘ ਉਰਫ਼ ਸੋਨੂੰ, ਅਰਸ਼ਦੀਪ ਸਿੰਘ ਉਰਫ਼ ਗੱਬਾਰੂ, ਸੁਖਵਿੰਦਰ ਸਿੰਘ, ਨਿਰਵੈਰ ਸਿੰਘ ਉਰਫ਼ ਸੋਨੀ। , ਸ਼ਮਸ਼ੇਰ ਸਿੰਘ ਅਤੇ ਕਰਨਵੀਰ ਸਿੰਘ ਉਰਫ਼ ਕੱਲੂ 2 ਵਾਹਨਾਂ 'ਤੇ ਨਾਜਾਇਜ਼ ਅਸਲੇ ਸਮੇਤ ਘੁੰਮ ਕੇ ਲੁਧਿਆਣਾ ਸਾਈਡ ਤੋਂ ਬਰਨਾਲਾ ਨੂੰ ਆ ਰਿਹਾ ਹੈ ?

ਪੁਲਿਸ ਨੇ ਸੂਚਨਾ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਸੀ.ਆਈ.ਏ ਸਟਾਫ਼ ਦੇ ਇੰਚਾਰਜ ਇੰਸਪੈਕਟਰ ਬਲਜੀਤ ਸਿੰਘ ਨੇ ਮਾਨਸਾ ਰੋਡ ਬਾਹੱਦ ਹੰਡਿਆਇਆ 'ਤੇ ਨਾਕਾਬੰਦੀ ਕਰਕੇ ਉਕਤ ਮੁਲਜ਼ਮਾਂ ਨੂੰ ਕਾਬੂ ਕਰ ਕੇ 22 ਕਾਰਤੂਸ, 2 ਪਿਸਤੌਲ ਸਮੇਤ 9 ਕਾਰਤੂਸ, 1 ਰਿਵਾਲਵਰ ਸਮੇਤ 4 ਕਾਰਤੂਸ ਬਰਾਮਦ ਕੀਤੇ ਗਏ ਸਨ। ਫੜੇ ਗਏ ਮੁਲਜ਼ਮ ਕੁਲਵੀਰ ਨਰੂਆਣਾ ਅਤੇ ਅਜ਼ੀਜ਼ ਖਾਨ ਗਰੋਹ ਨਾਲ ਸਬੰਧਤ ਹਨ। ਪਹਿਲਾਂ ਮਨਪ੍ਰੀਤ ਮੰਨਾ ਵਾਸੀ ਤਲਵੰਡੀ ਸਾਬੋ ਉਸ ਦਾ ਸਾਥੀ ਸੀ



# ਲੁਧਿਆਣਾ 'ਚ ਕਲਯੁਗੀ ਪੁੱਤਰ ਨੇ ਆਪਣੇ ਪਿਤਾ ਦਾ ਕੀਤਾ ਕਤਲ

**ਲੁਧਿਆਣਾ/ਲੋਕ ਬਾਣੀ**

ਪੰਜਾਬ ਦੇ ਲੁਧਿਆਣਾ ਵਿੱਚ ਇੱਕ ਪੁੱਤਰ ਨੇ ਆਪਣੇ ਪਿਤਾ ਦਾ ਕਤਲ ਕਰ ਦਿੱਤਾ। ਕਲਯੁਗੀ ਪੁੱਤਰ ਨੇ ਪਿਤਾ ਦਾ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਪੰਜਾਬ-ਹਰਿਆਣਾ ਬਾਰਡਰ 'ਤੇ ਸੁੱਟ ਦਿੱਤੀ। ਵਿਆਹ ਨੂੰ ਲੈ ਕੇ ਪਿਓ-ਪੁੱਤਰ ਦੋਵਾਂ 'ਚ ਲੜਾਈ ਹੁੰਦੀ ਰਹਿੰਦੀ ਸੀ। ਪਿਤਾ ਪੁੱਤਰ ਦਾ ਵਿਆਹ ਕਿਸੇ ਹੋਰ ਲੜਕੀ ਨਾਲ ਕਰਵਾਉਣਾ ਚਾਹੁੰਦਾ ਸੀ ਜਦਕਿ ਪੁੱਤਰ ਆਪਣੀ ਪ੍ਰੇਮਿਕਾ ਨਾਲ ਵਿਆਹ ਕਰਵਾਉਣ 'ਤੇ ਅੜਿਆ ਹੋਇਆ ਹੈ।



ਪਿਤਾ ਵਿਆਹ 'ਚ ਰੁਕਾਵਟ ਪਾ ਰਿਹਾ ਸੀ, ਇਸ ਲਈ ਬੇਟੇ ਨੇ ਉਸ ਦਾ ਕਤਲ ਕਰ ਦਿੱਤਾ। ਮੁਲਜ਼ਮ ਪੁੱਤਰ ਦੀ ਪਛਾਣ ਥਾਣਾ ਡੇਹਲੋਂ ਅਧੀਨ ਪੈਂਦੇ ਪਿੰਡ ਮੁਕੰਦਪੁਰ ਵਾਸੀ ਜੋਬਨਜੀਤ ਸਿੰਘ ਵਜੋਂ ਹੋਈ ਹੈ। ਪੁਲੀਸ ਨੇ ਜੋਬਨਜੀਤ ਸਿੰਘ ਅਤੇ ਉਸ ਦੇ ਦੋਸਤ ਆਕਾਸ਼ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ ਮੁਲਜ਼ਮਾਂ ਦੇ ਕਹਿਣ 'ਤੇ ਲਾਸ਼ ਬਰਾਮਦ ਕਰ ਲਈ ਗਈ ਹੈ। ਲਾਸ਼ ਅੰਬਾਲਾ ਤੋਂ ਬਰਾਮਦ ਹੋਈ ਹੈ। ਥਾਣਾ ਡੇਹਲੋਂ ਦੀ ਪੁਲੀਸ ਨੇ ਮ੍ਰਿਤਕ ਪਰਮਜੀਤ ਸਿੰਘ (46) ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਪੁਲਿਸ ਨੇ ਮ੍ਰਿਤਕ ਪਰਮਜੀਤ ਸਿੰਘ ਦੇ ਰਿਸ਼ਤੇਦਾਰ ਪਲਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਜੋਬਨਜੀਤ ਅਤੇ ਆਕਾਸ਼ ਖ਼ਿਲਾਫ਼ ਕਤਲ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਥਾਣਾ ਡੇਹਲੋਂ ਦੇ ਐਸਐਚਓ ਪਰਮਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਪਰਮਜੀਤ ਸਿੰਘ ਨਾਲ ਅਕਸਰ ਝਗੜਾ ਕਰਦਾ ਰਹਿੰਦਾ ਸੀ। ਜੋਬਨਜੀਤ ਸਿੰਘ ਵੀ ਆਪਣੇ ਪਿਤਾ ਦੀ ਜ਼ਮੀਨ ਚਾਹੁੰਦਾ ਸੀ ਪਰ ਪਰਮਜੀਤ ਸਿੰਘ ਉਸ ਨੂੰ ਕੁਝ ਨਹੀਂ ਦੇਣਾ ਚਾਹੁੰਦਾ ਸੀ। ਜੋਬਨਜੀਤ ਸਿੰਘ ਪਿੰਡ ਲਹਿਰਾ ਦੀ ਇੱਕ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਉਸ ਦਾ ਪਿਤਾ ਇਸ ਵਿਆਹ ਲਈ ਰਾਜ਼ੀ ਨਹੀਂ ਸੀ।

ਜੋਬਨਜੀਤ ਸਿੰਘ ਨੇ ਆਪਣੇ ਦੋਸਤ ਨਾਲ ਮਿਲ ਕੇ ਪਿਤਾ ਦੀ ਲਾਸ਼ ਦਾ ਨਿਪਟਾਰਾ ਕੀਤਾ। ਜੋਬਨਜੀਤ ਆਪਣੀ ਸਹੇਲੀ ਦੇ ਘਰ ਕਾਰ ਮੰਗਣ ਗਿਆ ਸੀ। ਉਸ ਨੇ ਕਿਸੇ ਦੇ ਵਿਆਹ 'ਤੇ ਜਾਣ ਦੀ ਗੱਲ ਕਹਿ ਕੇ ਕਾਰ ਮੰਗੀ। ਦੋਵੇਂ ਮੁਲਜ਼ਮਾਂ ਨੇ ਲਾਸ਼ ਨੂੰ ਕਾਰ ਵਿੱਚ ਲੱਦ ਕੇ ਅੰਬਾਲਾ ਨੇੜੇ ਸੁੱਟ ਦਿੱਤਾ। ਜੋਬਨਜੀਤ ਨੇ ਪਿਤਾ ਦੇ ਸਿਰ 'ਤੇ ਕੋਈ ਭਾਰੀ ਚੀਜ਼ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਪੁਲਿਸ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਿੱਧੂ ਮੂਸੇਵਾਲਾ ਦੀ ਬਰਸੀ 'ਤੇ ਇਨਸਾਫ਼ ਮਾਰਚ, ਪਿਤਾ ਬਲਕੌਰ ਸਿੰਘ ਨੇ ਸਰਕਾਰ ਖਿਲਾਫ ਜ਼ਾਹਰ ਕੀਤਾ ਗੁੱਸਾ

**ਮਾਨਸਾ/ਲੋਕ ਬਾਣੀ**

ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੇ ਕਤਲ ਨੂੰ 10 ਮਹੀਨੇ ਹੋ ਗਏ ਹਨ ਅਤੇ ਪਰਿਵਾਰ ਲਗਾਤਾਰ ਇਨਸਾਫ਼ ਦੀ ਮੰਗ ਕਰ ਰਿਹਾ ਹੈ ਅਤੇ ਸਿੱਧੂ ਮੂਸੇ ਵਾਲੇ ਦੇ ਪ੍ਰਸ਼ੰਸਕ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਲਗਾਤਾਰ ਸਿੱਧੂ ਦੇ ਘਰ ਆ ਰਹੇ ਹਨ ਇਸ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਲਗਾਤਾਰ ਘਰ ਆਏ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦੇ ਹਨ। ਅੱਜ ਵੀ ਪਿਤਾ ਵੱਲੋਂ ਆਪਣੇ ਪੁੱਤ ਲਈ ਮੁੜ ਤੋਂ ਇਨਸਾਫ ਦੀ ਮੰਗ ਕੀਤੀ ਗਈ। ਬਲਕੌਰ ਸਿੰਘ ਨੇ ਕਿਹਾ ਹੈ ਕਿ ਮੂਸੇਵਾਲਾ ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ। ਸ਼ੁਭਦੀਪ ਦੀ ਬਰਸੀ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ ਅਤੇ ਸਿੱਧੂ ਨੂੰ ਮਾਨਸਾ ਵਿੱਚ ਸਾਦੇ ਢੰਗ ਨਾਲ ਨਮਨ ਕੀਤਾ ਜਾਵੇਗਾ। ਐਤਵਾਰ ਨੂੰ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਨਾਲ ਮੁਲਾਕਾਤ ਦੌਰਾਨ ਬਲਕੌਰ ਨੇ ਕਿਹਾ ਕਿ ਮੈਨੂੰ ਮਿਲਾਪ ਕਰਦੇ ਹੋਏ10 ਮਹੀਨੇ ਹੋ ਗਏ ਹਨ। ਅਜਿਹੇ 'ਚ ਹੁਣ ਪਰਿਵਾਰ ਨੇ ਫੈਸਲਾ ਲਿਆ ਹੈ ਕਿ ਸਿੱਧੂ ਦੀ ਬਰਸੀ ਅਪ੍ਰੈਲ ਤੋਂ ਪਹਿਲਾਂ ਰੱਖੀ ਜਾਵੇ। ਬਲਕੌਰ ਸਿੰਘ ਨੇ ਇਹ ਵੀ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਗੋਲੀਆ ਨਾਲ ਛੱਲਨੀ ਥਾਰ ਦੀ ਜੀਪ ਨੂੰ ਪੰਜਾਬ ਭਰ ਵਿੱਚ ਲੈ ਕੇ ਜਾਣਗੇ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਸਰਕਾਰ ਅੱਜ ਤੱਕ ਉਨਾਂ ਦੇ ਪਰਿਵਾਰ ਨੂੰ ਇਨਸਾਫ਼ ਨਹੀਂ ਦੇ ਸਕੀ। ਬਲਕੌਰ ਸਿੰਘ ਨੇ ਕਿਹਾ ਕਿ ਬੇਸ਼ੱਕ ਮੇਰੇ ਪੁੱਤਰ ਨੇ ਮੇਰੀ ਬਰਸੀ ਮਨਾਉਣੀ ਸੀ ਪਰ ਅੱਜ ਅਜਿਹਾ ਸਮਾਂ ਆ ਗਿਆ ਹੈ ਕਿ ਮੈਨੂੰ ਆਪਣੇ ਪੁੱਤਰ ਦੀ ਬਰਸੀ ਮਨਾਉਣੀ ਪੈ ਰਹੀ ਹੈ। ਉਨਾਂ ਦੇ ਮਨ 'ਚ ਪੰਜਾਬ ਦੀ 'ਆਪ' ਸਰਕਾਰ ਪ੍ਰਤੀ ਬਹੁਤ ਗੁੱਸਾ ਹੈ ਅਤੇ ਸਮਾਂ ਆਉਣ 'ਤੇ ਉਹ ਸਰਕਾਰ ਨੂੰ ਇਹ ਗੁੱਸਾ ਜ਼ਰੂਰ ਦਿਖਾਉਣਗੇ। ਹਾਲਾਂਕਿ, ਹਿੰਸਕ ਢੰਗ ਨਾਲ ਕਿਸੇ ਦਾ ਵਿਰੋਧ ਨਾ ਕਰੋ। ਬਲਕੌਰ ਸਿੰਘ ਨੇ ਸਿੱਧੂ ਦੇ ਚਹੇਤਿਆਂ ਨੂੰ ਅਪੀਲ ਕੀਤੀ ਕਿ ਸ਼ਾਂਤਮਈ ਢੰਗ ਨਾਲ ਸਿੱਧੂ ਲਈ ਇਨਸਾਫ਼ ਦੀ ਮੰਗ ਕੀਤੀ ਜਾਵੇਗੀ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਸਿੱਧੂ ਦੀ ਮੌਤ ਨੂੰ ਉਨਾਂ ਦੇ ਚਹੇਤਿਆਂ ਅਤੇ ਪਰਿਵਾਰ ਵਾਲੇ ਭੁੱਲ ਜਾਣ ਪਰ ਅਜਿਹਾ ਨਹੀਂ ਹੋ ਸਕਦਾ।





# ਤਸਕਰੀ 'ਤੇ ਨਕੇਲ ਕੱਸਣ ਲਈ ਅੰਤਰ-ਰਾਜੀ ਸਰਹੱਦਾਂ 'ਤੇ ਪੁਲਿਸ ਵੱਲੋਂ ਓ.ਪੀ.ਐਸ ਸੀਲ ਅਪਰੇਸ਼ਨ

**ਚੰਡੀਗੜ੍ਹ/ਵਿਨੋਦ ਸ਼ਰਮਾ**

ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ ਅਤੇ ਹਰਿਆਣਾ ਨਾਲ ਲੱਗਦੀਆਂ ਅੰਤਰ-ਰਾਜੀ ਸਰਹੱਦਾਂ 'ਤੇ ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਇੱਕ ਵਿਸ਼ੇਸ਼ ਅਪਰੇਸ਼ਨ "ਓਪੀਐਸ ਸੀਲ" ਚਲਾਇਆ ਗਿਆ ਹੈ। ਡੀਐਸਪੀ/ਇੰਸਪੈਕਟਰਾਂ ਦੀ ਅਗਵਾਈ ਹੇਠ 131 ਟੀਮਾਂ ਬਣਾ ਕੇ ਸਖ਼ਤ ਨਾਕੇ ਲਾਏ ਗਏ ਹਨ। ਇਸ ਦਾ ਉਦੇਸ਼ ਵਾਹਨ ਐਪ ਰਾਹੀਂ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ, ਸ਼ਰਾਬ ਦੀ ਤਸਕਰੀ, ਸਮਾਜ ਵਿਰੋਧੀ ਅਨਸਰਾਂ ਅਤੇ ਪੰਜਾਬ ਵਿੱਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਨੂੰ ਰੋਕਣਾ ਹੈ।

# ਦਵਾਈਆਂ ਦੀਆਂ ਵੱਧ ਕੀਮਤਾਂ ਕਾਰਨ ਜਨਤਾ ਦੀ ਲੁੱਟ ਦਾ ਹੱਲ ਲੱਭਣ ਲਈ ਪੰਜਾਬ ਵਿਧਾਨ ਸਭਾ 'ਚ ਅਹਿਮ ਵਿਚਾਰ-ਵਟਾਂਦਰਾ 21 ਫ਼ਰਵਰੀ ਨੂੰ

**ਚੰਡੀਗੜ੍ਹ/ਵਿਨੋਦ ਸ਼ਰਮਾ**

19 ਫ਼ਰਵਰੀ: ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਦੱਸਿਆ ਕਿ ਦਵਾਈਆਂ ਦੀਆਂ ਵੱਧ ਕੀਮਤਾਂ ਕਾਰਨ ਜਨਤਾ ਦੀ ਹੋ ਰਹੀ ਲੁੱਟ-ਖਸੁੱਟ ਦਾ ਸਥਾਈ ਹੱਲ ਲੱਭਣ ਲਈ ਪੰਜਾਬ ਵਿਧਾਨ ਸਭਾ 'ਚ ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਮਾਹਰਾਂ ਦੀ ਅਹਿਮ ਮੀਟਿੰਗ 21 ਫ਼ਰਵਰੀ ਨੂੰ ਸੱਦੀ ਗਈ ਹੈ।

ਉਨਾਂ ਦੱਸਿਆ ਕਿ ਜਨਤਾ ਨੂੰ ਦਰਪੇਸ਼ ਵੱਖ-ਵੱਖ ਮਾਮਲਿਆਂ ਸਬੰਧੀ ਵਿਚਾਰ-ਵਟਾਂਦਰੇ ਦੀ ਲੜੀ ਤਹਿਤ ਇਸ ਭਖਦੇ ਮਸਲੇ ਬਾਰੇ ਇਹ ਵਿਚਾਰ ਚਰਚਾ ਉਲੀਕੀ ਗਈ ਹੈ ਕਿਉਂਕਿ ਇਹ ਆਮ ਧਾਰਣਾ ਹੈ ਕਿ ਦਵਾਈਆਂ ਦੀ ਉੱਚ ਐਮ.ਆਰ.ਪੀ. ਉਤੇ ਵਿਕਰੀ ਕਾਰਨ ਜਨਤਾ ਦੀ ਲੁੱਟ-ਖਸੁੱਟ ਹੋ ਰਹੀ ਹੈ ਅਤੇ ਦਵਾਈਆਂ



ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ, ਇਸ ਲਈ ਲੋਕ ਹਿੱਤ ਨਾਲ ਜੁੜੀ ਇਸ ਸਮੱਸਿਆ ਦਾ ਹੱਲ ਲੱਭਣਾ ਸਮੇਂ ਦੀ ਮੁੱਖ ਲੋੜ ਹੈ।

ਉਨਾਂ ਕਿਹਾ ਕਿ ਜਨਤਾ ਅਤੇ ਸਰਕਾਰ ਦਰਮਿਆਨ ਕੜੀ ਵਜੋਂ ਕੰਮ ਕਰਦੇ ਵਿਧਾਇਕ ਸਾਹਿਬਾਨ ਨੂੰ ਇਸ ਮਾਮਲੇ ਸਬੰਧੀ ਜਾਗਰੂਕ ਕਰਨ ਅਤੇ ਇਸ ਦੇ ਪੁਖ਼ਤਾ ਹੱਲ ਲਈ ਯੋਗ ਕਦਮ ਚੁੱਕਣ ਦੇ ਮੱਦੇਨਜ਼ਰ ਇਹ ਮੀਟਿੰਗ ਉਲੀਕੀ ਗਈ ਹੈ ਤਾਂ ਜੋ ਵਿਧਾਇਕ ਇਸ ਲੋਕ ਹਿੱਤ ਦੇ ਮੁੱਦੇ 'ਤੇ ਸਦਨ ਅੰਦਰ ਸਾਰਥਕ ਬਹਿਸ ਕਰ ਸਕਣ ਅਤੇ ਜਨਤਾ ਨੂੰ ਸਹੀ ਸੇਧ ਦੇ ਸਕਣ।

ਮੀਟਿੰਗ ਵਿੱਚ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਤੋਂ ਇਲਾਵਾ ਸਿਹਤ ਮਾਹਰ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ।

# ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਦੇ ਤਰੀਕੇ

ਨੌਜਵਾਨ ਦਿਮਾਗ ਕੌਮ ਦਾ ਭਵਿੱਖ ਹੁੰਦੇ ਹਨ। ਵਿਦਿਆਰਥੀਆਂ ਦੀ ਕਿਸਮ ਨੂੰ ਦੇਖ ਕੇ ਦੇਸ਼ ਦੇ ਭਵਿੱਖ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਵਿਦਿਆਰਥੀਆਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਨੂੰ ਆਪਣੇ ਉੱਤੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਕਿਸੇ ਵੀ ਕਿਸਮ ਦੀ ਸਿੱਖਣ ਵਿੱਚ ਦਿਲਚਸਪੀ ਲੈਣ ਲਈ ਇੱਥੇ ਕੁਝ ਅਭਿਆਸ, ਅਜ਼ਮਾਈ ਅਤੇ ਸੱਚੀਆਂ ਰਣਨੀਤੀਆਂ ਹਨ।



## 1. ਰਾਸ਼ਟਰ ਨਿਰਮਾਣ:

ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ 'ਸਵੱਛਤਾ ਅਭਿਆਨ', 'ਸਕੱਤਰਤਾ ਮਿਸ਼ਨ' ਜਾਂ ਕਿਸੇ ਸਥਾਨਕ ਗਤੀਵਿਧੀ ਵਰਗੇ ਰਾਸ਼ਟਰੀ ਮਿਸ਼ਨਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਛੋਟੀ ਉਮਰ ਤੋਂ ਹੀ ਵਿਦਿਆਰਥੀਆਂ ਵਿੱਚ ਸਮਾਜਿਕ ਕਾਰਨਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀਆਂ ਹਨ। ਵਿਦਿਆਰਥੀਆਂ ਨੂੰ ਵਿਸ਼ਵ ਵਿਆਪੀ ਜ਼ਿੰਮੇਵਾਰੀਆਂ ਸਾਂਝੀਆਂ ਕਰਨ ਲਈ ਪ੍ਰੇਰਿਤ ਕਰਨ ਲਈ ਇਹ ਗਤੀਵਿਧੀਆਂ ਸਕੂਲ ਪੱਧਰ ਅਤੇ ਘਰ ਵਿੱਚ ਲਾਜ਼ਮੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## 2. ਆਜ਼ਾਦੀ ਦੀ ਭਾਵਨਾ:

**ਸਰੀਰਕ** ਅਨੁਸ਼ਾਸਨ ਦੇ ਨਾਲ, ਵਿਦਿਆਰਥੀਆਂ ਨੂੰ ਵਿਚਾਰ ਅਤੇ ਫੈਸਲੇ ਦੇ ਪੱਧਰ 'ਤੇ ਆਜ਼ਾਦੀ ਦੀ ਭਾਵਨਾ ਦਿੱਤੀ ਜਾਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਬ੍ਰੇਨਸਟਾਰਮਿੰਗ ਸੈਸ਼ਨਾਂ ਵਿੱਚ ਭਾਗ ਲੈਣ ਲਈ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਲਈ ਅਤੇ ਸਮਾਜ ਲਈ ਨਵੇਂ ਵਿਚਾਰ ਪੈਦਾ ਕਰਨ। ਵਿਦਿਆਰਥੀਆਂ ਨੂੰ ਇਹ ਫੈਸਲਾ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਆਪਣਾ ਭਵਿੱਖ ਕੀ ਬਣਾਉਣਾ ਚਾਹੁੰਦੇ ਹਨ। ਨੌਜਵਾਨ ਦਿਮਾਗ ਹਮੇਸ਼ਾ ਆਜ਼ਾਦੀ ਵੱਲ ਆਕਰਸ਼ਿਤ ਹੁੰਦੇ ਹਨ, ਅਤੇ ਉਹ ਇਸ ਸਿੱਖਿਆ ਦੇ ਪੈਟਰਨ ਨੂੰ ਪਸੰਦ ਕਰਨਗੇ।

## 3. ਦ੍ਰਿਸ਼ ਬਦਲੋ:

ਇਕਸਾਰ ਅਧਿਐਨ ਵਾਤਾਵਰਨ ਵਿੱਚ, ਕਈ ਵਾਰ ਅਧਿਐਨ ਦੇ ਪਿਛੋਕੜ ਦੇ ਦ੍ਰਿਸ਼ ਨੂੰ ਬਦਲਣ ਦੀ ਸਲਾਹ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਇੱਕ ਖੁੱਲੇ ਖੇਤਰ ਵਿੱਚ, ਇੱਕ ਦਰੱਖਤ ਦੇ ਹੇਠਾਂ, ਛੱਤ ਉੱਤੇ ਜਾਂ ਨਦੀ ਦੇ ਨੇੜੇ ਪੜ੍ਹਣ ਦਿਓ। ਇਹ ਦ੍ਰਿਸ਼ ਅਨੁਭਵ ਬਣ ਜਾਂਦੇ ਹਨ ਅਤੇ ਵਿਦਿਆਰਥੀਆਂ ਕੋਲ ਉਨ੍ਹਾਂ ਦੇ ਭਵਿੱਖ ਵਿੱਚ ਹਮੇਸ਼ਾ ਅਜਿਹੀਆਂ ਯਾਦਾਂ ਰਹਿਣਗੀਆਂ।

## 4. ਨੈਤਿਕ ਸਿਖਲਾਈ:

ਕਿਸੇ ਵੀ ਪੜ੍ਹਾਈ ਜਾਂ ਸਿਖਲਾਈ ਦੇ ਨਾਲ, ਵਿਦਿਆਰਥੀਆਂ ਵਿੱਚ ਨੈਤਿਕ ਸਿਖਲਾਈ ਨੂੰ ਪ੍ਰੇਰਿਤ ਕਰਨਾ ਮਾਪਿਆਂ ਅਤੇ ਅਧਿਆਪਕਾਂ ਦਾ ਵੀ ਫਰਜ਼ ਹੈ। ਇੰਟਰਨੈੱਟ 'ਤੇ ਇੰਨੇ ਜ਼ਿਆਦਾ ਐਕਸਪੋਜਰ ਦੇ ਨਾਲ, ਜ਼ਿਆਦਾਤਰ ਵਿਦਿਆਰਥੀ ਆਪਣੀ ਉਮਰ ਵਧਦੇ ਹਨ। ਨੈਤਿਕ ਕਦਰਾਂ-ਕੀਮਤਾਂ ਬੱਚਿਆਂ ਨੂੰ ਸਹੀ ਅਤੇ ਗਲਤ ਵਿੱਚ ਫਰਕ ਕਰਨ ਵਿੱਚ ਮਦਦ ਕਰਨਗੀਆਂ ਅਤੇ ਉਹਨਾਂ ਨੂੰ ਆਪਣੇ ਫੈਸਲੇ ਲੈਣ ਲਈ ਮਜ਼ਬੂਤ ? ?ਬਣਾਉਣਗੀਆਂ।



**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ**

## 5. ਉੱਚੇ ਪ੍ਰਾਪਤੀ ਯੋਗ ਟੀਚੇ ਬਣਾਓ:

ਵਿਦਿਆਰਥੀ ਦਿਲਚਸਪੀ ਗੁਆ ਦਿੰਦੇ ਹਨ ਜੇਕਰ ਉਹ ਜਾਣਦੇ ਹਨ ਕਿ ਉਹ ਸਿਰਫ਼ ਘੱਟ ਤੋਂ ਘੱਟ ਸਿੱਖਣ ਨਾਲ ਹੀ ਬਚ ਸਕਦੇ ਹਨ। ਚੁਣੌਤੀਆਂ ਰੋਮਾਂਚਕ ਹੁੰਦੀਆਂ ਹਨ ਪਰ ਵਿਦਿਆਰਥੀਆਂ ਲਈ ਉਤਸਾਹਿਤ ਅਤੇ ਆਸ਼ਾਵਾਦੀ ਮਹਿਸੂਸ ਕਰਨ ਲਈ ਪ੍ਰਾਪਤੀਯੋਗ ਹੋਣੀ ਚਾਹੀਦੀ ਹੈ। ਅਧਿਆਪਕਾਂ ਨੂੰ ਵਿਦਿਆਰਥੀ ਲਈ ਚੁਣੌਤੀਆਂ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ, ਜਿਸ ਨਾਲ ਵਿਦਿਆਰਥੀਆਂ ਦਾ ਮਨੋਬਲ ਉੱਚਾ ਰਹਿੰਦਾ ਹੈ

## 6. ਬਾਕਸ ਤੋਂ ਬਾਹਰ ਦਾ ਵਿਸ਼ਾ

ਸਿੱਖਣ ਦੇ ਜੋਸ਼ ਨੂੰ ਬਣਾਈ ਰੱਖਣ ਲਈ, ਅਧਿਆਪਕਾਂ ਜਾਂ ਮਾਪਿਆਂ ਨੂੰ ਕਦੇ-ਕਦੇ ਬੱਚਿਆਂ ਨੂੰ ਬਾਕਸ ਤੋਂ ਬਾਹਰ ਦਾ ਵਿਸ਼ਾ ਸਿਖਾਉਣਾ ਚਾਹੀਦਾ ਹੈ। ਗਲੈਕਸੀ ਦਾ ਇੱਕ ਦਿਲਚਸਪ ਵਿਸ਼ਾ, ਸਮੁੰਦਰ ਦੇ ਹੇਠਾਂ, ਜੰਗਲੀ ਜੀਵਨ, ਮਨੋਵਿਗਿਆਨ, ਇੱਕ ਜੀਵਨ ਕਹਾਣੀ ਆਦਿ ਸਿੱਖਣ ਦੇ ਤਜ਼ਰਬੇ ਨੂੰ ਰੰਗ ਦੇ ਸਕਦੇ ਹਨ ਅਤੇ ਵਿਦਿਆਰਥੀ ਪ੍ਰੇਰਿਤ ਅਤੇ ਰੋਮਾਂਚਕ ਮਹਿਸੂਸ ਕਰਦੇ ਹਨ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਐਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨਾ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ਼ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ


# SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.

I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations

Free Medicine for 9am to 5pm

जय भवानी
जय मस्तां दी
जय शिव शंकर
# संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com



DIPS INSTITUTIONS
CHAIN OF DIPS INSTITUTIONS
KNOWLEDGE IS POWER
# DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998